ਅੰਗ ੪੮੯ = ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧ ॥ ਤੇਰਾ ਨਾਮੁ ਕਰੀ ਚਨਣਾਠੀਆ, ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ, ਘਟ ਅੰਤਰਿ ਪੂਜਾ ਹੋਇ ॥੧॥ ਪੂਜਾ ਕੀਚੈ ਨਾਮੁ ਧਿਆਈਐ, ਬਿਨੁ ਨਾਵੈ ਪੂਜ ਨ ਹੋਇ ॥੧॥ਰਹਾਉ॥ ਬਾਹਰਿ ਦੇਵ ਪਖਾਲੀਅਹਿ, ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ, ਮੋਖ ਪਇਆਣਾ ਹੋਇ ॥੨॥ ਪਸੂ ਮਿਲਹਿ ਚੰਗਿਆਈਆ, ਖੜੁ ਖਾਵਹਿ ਅੰਮ੍ਰਿਤੁ ਦੇਹਿ ॥ ਨਾਮ ਵਿਹੂਣੇ ਆਦਮੀ, ਧ੍ਰਿਗੁ ਜੀਵਣ ਕਰਮ ਕਰੇਹਿ ॥੩॥ ਨੇੜਾ ਹੈ ਦੂਰਿ ਨ ਜਾਣਿਅਹੁ ,ਨਿਤ ਸਾਰੇ ਸੰਮ੍ਹਾਲੇ ॥ ਜੋ ਦੇਵੈ ਸੋ ਖਾਵਣਾ, ਕਹੁ ਨਾਨਕ ਸਾਚਾ ਹੇ ॥੪॥੧॥ (ਹੇ ਪ੍ਰਭੂ !) ਜੇ ਮੇਰਾ ਮਨ ਉਰਸਾ ਹੋ (ਪੱਥਰ ਵਾਂਗ ਟਿਕ) ਜਾਵੇ ਤਾਂ ਮੈਂ ਤੇਰਾ ਨਾਮ ਚੰਦਨ ਦੀ ਲੱਕੜੀ ਬਣਾ ਲਵਾਂ।(ਫਿਰ ਉਸ ਵਿਚ ਸ੍ਰੇਸ਼ਟ) ਕਰਣੀ ਦਾ ਜੇ ਕੇਸਰ ਰਲ ਜਾਵੇ ਤਾਂ ਹਿਰਦੇ ਦੇ ਅੰਦਰ ਹੀ (ਤੇਰੀ) ਪੂਜਾ ਹੋਣ ਲਗ ਪੈਂਦੀ ਹੈ। ੧।(ਹੇ ਭਾਈ! ਪ੍ਰਭੂ ਦੇ) ਨਾਮ ਨੂੰ ਧਿਆਈਏ, (ਇਹੋ ਹੀ) ਪੂਜਾ ਕਰੀਏ, ਨਾਮ ਤੋਂ ਬਿਨਾ (ਹੋਰ ਕੋਈ) ਪੂਜਾ ਪ੍ਰਵਾਨ ਨਹੀਂ ਹੁੰਦੀ। ੧।ਰਹਾਉ।(ਜਿਵੇਂ ਲੋਕਾਂ ਵੱਲੋਂ) ਬਾਹਰੋਂ ਦੇਵਤਿਆਂ ਦੀਆਂ ਮੂਰਤੀਆਂ ਨੂੰ ਧੋਤਾ (ਇਸ਼ਨਾਨ ਕਰਾਇਆ) ਜਾਂਦਾ ਹੈ, (ਇਸ ਦੀ ਥਾਂ) ਜੇ ਕੋਈ (ਮਨੁੱਖ ਅਪਣੇ) ਮਨ ਨੂੰ (ਨਾਮ ਸਿਮਰਨ ਕਰਕੇ) ਧੋ ਲਵੇ।(ਤਾਂ ਉਸ ਦੀ) ਪਾਪਾਂ ਦੀ ਜੂਠ (ਮੈਲ) ਲਹਿ ਜਾਂਦੀ ਹੈ, ਮਨ ਮਾਂਜਿਆ (ਪਵਿਤ੍ਰ ਹੋ) ਜਾਂਦਾ ਹੈ, (ਇਉਂ ਉਸ ਦਾ) ਸਫਰ ਮੁਕਤੀ ਵਾਲਾ ਹੋ ਜਾਂਦਾ ਹੈ; (ਉਹ ਇਥੋਂ) ਮੁਕਤ ਹੋ ਕੇ ਚਾਲੇ ਪਾਵੇਗਾ।੨।(ਸਿਮਰਨ ਹੀਣ ਮਨੁੱਖ ਨਾਲੋਂ ਤਾਂ) ਪਸ਼ੂਆਂ ਵਿਚ ਚੰਗਿਆਈਆਂ ਮਿਲਦੀਆਂ ਹਨ, ਜੋ ਘਾਹ ਖਾਂਦੇ ਹਨ ਤੇ ਅੰਮ੍ਰਿਤ ਵਰਗਾ ਦੁੱਧ ਦੇਂਦੇ ਹਨ।(ਜਿਹੜੇ) ਨਾਮ ਵਿਹੂਣੇ ਆਦਮੀ ਹਨ, (ਉਨ੍ਹਾਂ ਦਾ) ਜੀਵਨ ਤੇ (ਉਨ੍ਹਾਂ ਦੇ ਖੋਟੇ) ਕਰਮ ਫਿਟਕਾਰ ਯੋਗ ਹਨ।੩।(ਹੇ ਭਾਈ! ਪ੍ਰਭੂ ਤਾਂ) ਨੇੜੇ ਹੈ, (ਉਸ ਨੂੰ) ਦੂਰ ਨਾ ਜਾਣੋ, ਹਰ ਰੋਜ (ਸਭ ਜੀਵਾਂ ਦੀ) ਖਬਰ ਲੈਂਦਾ ਹੈ ਤੇ ਸੰਭਾਲ ਕਰਦਾ (ਪਾਲਦਾ) ਹੈ।ਜੋ (ਕੁਛ ਉਹ) ਦੇਂਦਾ ਹੈ, ਉਹ ਹੀ (ਸਭ ਜੀਵਾਂ ਨੇ) ਖਾਣਾ ਹੁੰਦਾ ਹੈ, ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਇਕ ਪ੍ਰਭੂ ਹੀ ਸੱਚਾ ਹੈ।੪।੧।

ਪਦਾਰਥ = ਕਰੀ–ਕਰ (ਬਣਾ) ਲਵਾਂ।ਚਨਣਾਠੀਆ–ਚੰਦਨ ਦੀ ਲੱਕੜੀ।ਉਰਸਾ–ਚਕਲੇ ਦੀ ਸ਼ਕਲ ਦਾ ਗੋਲ ਪੱਥਰ, ਜਿਸ ਉਤੇ ਚੰਦਨ ਰਗੜੀਦਾ ਹੈ (ਪੱਥਰ ਇਕ ਜਗ੍ਹਾ ਟਿਕਿਆ ਰਹਿੰਦਾ ਹੈ, ਇਸ ਕਰਕੇ ਇਸ ਦਾ ਭਾਵ ਮਨ ਦੇ ਟਿਕਾਉ ਵਾਲੀ ਦਸ਼ਾ ਹੈ)।ਕਰਣੀ–ਸ਼ੁੱਭ ਕਰਮ।ਕੁੰਗੂ–ਕੇਸਰ।ਘਟ ਅੰਤਰਿ–ਹਿਰਦੇ ਦੇ ਅੰਦਰ।੧।ਕੀਚੈ–ਕਰੀਏ।ਪੂਜ–ਪੂਜਾ।੧।ਰਹਾਉ।ਦੇਵ–ਦੇਵਤਿਆਂ ਦੀਆਂ ਮੂਰਤੀਆਂ ।ਪਖਾਲੀਅਹਿ–ਧੋਤਾ (ਇਸ਼ਨਾਨ ਕਰਾਇਆ) ਜਾਂਦਾ ਹੈ।ਜੂਠਿ–ਮੈਲ।ਲਹੈ–ਉਤਰ ਜਾਂਦੀ ਹੈ।ਜੀਉ–ਮਨ।ਮਾਜੀਐ–ਪਵਿਤ੍ਰ ਹੋ ਜਾਂਦਾ ਹੈ।ਮੋਖ–ਮੁਕਤੀ।ਪਇਆਣਾ–ਸਫਰ।੨।ਖੜੁ–ਘਾਹ।ਅੰਮ੍ਰਿਤੁ–ਅੰਮ੍ਰਿਤ ਵਰਗਾ ਮਿੱਠਾ ਦੁੱਧ।ਦੇਹਿ–ਦੇਂਦੇ ਹਨ।ਵਿਹੂਣੇ–ਬਿਨਾ; ਖਾਲੀ ।ਧ੍ਰਿਗੁ–ਫਿਟਕਾਰ ਯੋਗ।ਕਰਮ ਕਰੇਹਿ–(ਖੋਟੇ) ਕਰਮ ਕਰਦੇ ਹਨ; (ਨਾਮ ਨੂੰ ਛਡ ਕੇ ਜਪ ਤਪ ਆਦਿ) ਕਰਮ ਕਰਦੇ ਹਨ।੩।ਨਿਤ–ਹਰ ਰੋਜ।ਨ ਜਾਣਿਅਹੁ–ਨਾ ਜਾਣੋ।ਸਾਰੇ–ਖਬਰ ਲੈਂਦਾ ਹੈ।ਸੰਮਾਲੇ–ਸੰਭਾਲ ਕਰਦਾ ਹੈ।ਸੋ–ਉਹ।੪।੧।

ਵਿਆਖਿਆ = ਇਕ ਬ੍ਰਾਹਮਣ ਹਰ ਰੋਜ ਪੱਥਰ ਦੀ ਸਿਲ ਉਤੇ ਚੰਦਨ ਘਸਾ ਕੇ ਠਾਕਰਾਂ ਦੀ ਪੂਜਾ ਕਰਦਾ ਹੁੰਦਾ ਸੀ।ਗੁਰੂ ਜੀ ਨੇ ਇਸ ਸ਼ਬਦ ਦੁਆਰਾ ਉਸ ਨੂੰ ਉਪਦੇਸ਼ ਦਿਤਾ ਹੈ ਕਿ ਪੱਥਰ ਦੀਆਂ ਮੂਰਤੀਆਂ ਦੀ ਪੂਜਾ ਕਰਨ ਦਾ ਕੋਈ ਲਾਭ ਨਹੀਂ।ਤੂੰ ਅਪਣੇ ਮਨ ਨੂੰ ਉਰਸੇ ਵਾਂਗ ਟਿਕਾ ਲੈ ਤੇ ਨਾਮ ਨੂੰ ਚਨਣਾਠੀ ਬਣਾ ਭਾਵ ਮਨ ਨੂੰ ਬਾਹਰ ਦੌੜਨ ਤੋਂ ਰੋਕ ਕੇ ਨਾਮ ਜਪ।ਇੰਦ੍ਰੀਆਂ ਨੂੰ ਵਸ ਵਿਚ ਰੱਖ ਤੇ ਚੰਗੇ ਕਰਮ ਕਰ, ਹਿਰਦੇ ਦੇ ਅੰਦਰ ਜੋ ਸਭ ਤੋਂ ਵੱਡਾ ਦੇਵਤਾ ਹਰੀ ਹੈ, ਉਸ ਦਾ ਨਾਮ ਜਪ, ਇਹੋ ਹੀ ਸੱਚੀ ਪੂਜਾ ਹੈ।ਪੱਥਰਾਂ ਦੀਆਂ ਮੂਰਤਾਂ ਨੂੰ ਧੋਣ ਦੀ ਥਾਵੇਂ ਨਾਮ ਜਪ ਕੇ ਮਨ ਨੂੰ ਧੋ, ਜਿਸ ਕਰਕੇ ਜਨਮਾਂ ਜਨਮਾਂ ਦੀ ਮੈਲ ਉਤਰ ਜਾਵੇਗੀ।ਪ੍ਰਭੂ ਸਭ ਦੇ ਅੰਗ ਸੰਗ ਵਸਦਾ ਹੈ, ਉਸ ਨੂੰ ਦੂਰ ਨਾ ਸਮਝ, ਉਹ ਸਦਾ ਕਾਇਮ ਰਹਿਣ ਵਾਲਾ ਹੈ।

ਗੂਜਰੀ ਮਹਲਾ ੧ ॥ ਨਾਭਿ ਕਮਲ ਤੇ ਬ੍ਰਹਮਾ ਉਪਜੇ, ਬੇਦ ਪੜਹਿ ਮੁਖਿ ਕੰਠਿ ਸਵਾਰਿ ॥ ਤਾ ਕੋ ਅੰਤੁ ਨ ਜਾਈ ਲਖਣਾ, ਆਵਤ ਜਾਤ ਰਹੈ ਗੁਬਾਰਿ ॥੧॥ ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥ ਜਾ ਕੀ ਭਗਤਿ ਕਰਹਿ ਜਨ ਪੂਰੇ, ਮੁਨਿ ਜਨ ਸੇਵਹਿ ਗੁਰ ਵੀਚਾਰਿ ॥੧॥ਰਹਾਉ॥ ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ, ਏਕਾ ਜੋਤਿ ਮੁਰਾਰਿ ॥ ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ,ਮਨਮੁਖਿ ਰੈਣਿ ਅੰਧਾਰਿ ॥੨॥ ਸਿਧ ਸਮਾਧਿ ਕਰਹਿ ਨਿਤ ਝਗਰਾ, ਦੁਹੁ ਲੋਚਨ ਕਿਆ ਹੇਰੈ ॥ ਅੰਤਰਿ ਜੋਤਿ ਸਬਦੁ ਧੁਨਿ ਜਾਗੈ, ਸਤਿਗੁਰੁ ਝਗਰੁ ਨਿਬੇਰੈ ॥੩॥ ਸੁਰਿ ਨਰ ਨਾਥ ਬੇਅੰਤ ਅਜੋਨੀ, ਸਾਚੈ ਮਹਲਿ ਅਪਾਰਾ ॥ ਨਾਨਕ ਸਹਜਿ ਮਿਲੇ ਜਗਜੀਵਨ, ਨਦਰਿ ਕਰਹੁ ਨਿਸਤਾਰਾ ॥੪॥੨॥ (ਪੁਰਾਣਾਂ ਦੀ ਲਿਖਤ ਅਨੁਸਾਰ ਵਿਸ਼ਨੂੰ ਦੀ) ਨਾਭੀ ਤੋਂ ਉਗੇ ਕਮਲ ਫੁੱਲ ਵਿਚੋਂ ਬ੍ਰਹਮਾ ਜੀ ਪੈਦਾ ਹੋਏ ਜੋ ਮੂੰਹ ਤੇ ਗਲੇ ਤੋਂ ਸਵਾਰ ਕੇ ਬੇਦ ਉਚਾਰਨ ਲਗ ਪਏ; (ਬ੍ਰਹਮਾ ਦੇ ਰਚੇ) ਬੇਦ ਪੰਡਤ ਲੋਕ ਮੂੰਹ ਤੇ ਗਲੇ (ਮਿੱਠੀ ਸੁਰ) ਨਾਲ ਪੜ੍ਹਦੇ ਹਨ।(ਪਰ ਬ੍ਰਹਮਾ ਪਾਸੋਂ ਕਮਲ ਫੁੱਲ ਦੀ) ਉਸ ਨਾਲੀ ਦਾ ਅੰਤ ਨਹੀਂ ਜਾਣਿਆ ਜਾ ਸਕਿਆ, (ਕਈ ਜੁਗ ਉਸ ਨਾਲੀ ਦੇ) ਹਨ੍ਹੇਰੇ ਵਿਚ (ਉਤੇ ਥੱਲੇ) ਆਉਂਦਾ ਜਾਂਦਾ ਰਿਹਾ (ਨਾਲੀ ਦਾ ਅੰਤ ਨਹੀਂ ਪਾਇਆ ਜਾ ਸਕਿਆ ਤਾਂ ਹਰੀ ਦਾ ਅੰਤ ਕਿਵੇਂ ਪਾਇਆ ਜਾ ਸਕਦਾ ਹੈ?)।੧। ਹੇ ਮੇਰੇ ਪ੍ਰਾਣਾਂ ਦੇ ਆਸਰੇ ਪ੍ਰੀਤਮ ਪ੍ਰਭੂ! (ਤੂੰ ਮੈਨੂੰ) ਕਿਉਂ ਭੁੱਲੇਂ? ਜਿਸ (ਪ੍ਰੀਤਮ ਪ੍ਰਭੂ) ਦੀ ਭਗਤੀ ਪੂਰਨ ਪੁਰਖ ਕਰਦੇ ਹਨ ਅਤੇ ਮੁਨੀ ਲੋਕ ਗੁਰੂ ਦੀ ਵਿਚਾਰ (ਉਪਦੇਸ਼) ਦੁਆਰਾ (ਉਸ ਨੂੰ) ਸੇਂਵਦੇ ਹਨ।੧।ਰਹਾਉ।ਸੂਰਜ ਤੇ ਚੰਦ ਜਿਸ ਦੇ (ਜਗਾਏ ਦੋ) ਦੀਵੇ ਹਨ

ਤੇ ਤਿੰਨਾਂ ਲੋਕਾਂ ਵਿਚ ਇਕ ਮੁਰਾਰੀ ਦੀ ਜੋਤ (ਚਾਨਣਾ ਕਰ ਰਹੀ) ਹੈ (ਉਸ ਦੀ ਸੱਤਾ ਸਾਰੇ ਜਗਤ ਵਿਚ ਵਿਆਪਕ ਹੈ)। ਜੋ ਗੁਰਮੁਖ ਹੁੰਦੇ ਹਨ, ਉਹ (ਹਰੀ ਦੀ ਜੋਤ ਨੂੰ ਪ੍ਰਗਟ ਕਰਕੇ) ਦਿਨ ਰਾਤ ਨਿਰਮਲ ਰਹਿੰਦੇ ਹਨ, (ਪਰ) ਮਨਮੁਖ ਦੀ ਜੀਵਨ ਰੂਪ ਰਾਤ ਅਗਿਆਨ ਦੇ ਹਨ੍ਹੇਰੇ ਵਿਚ ਬੀਤਦੀ ਹੈ।੨। ਸਮਾਧੀਆਂ ਲਗਾਉਣ ਵਾਲੇ ਸਿਧ (ਅਪਣੇ ਮੱਤ ਨੂੰ ਚੰਗਾ ਦਸਦੇ ਹੋਏ) ਨਿਤ ਝਗੜਾ ਹੀ ਕਰਦੇ ਹਨ; ਸਮਾਧੀਆਂ ਲਾ ਕੇ ਸਿੱਧ (ਮਨ ਦੇ ਫੁਰਨਿਆਂ ਨਾਲ ਹੀ) ਨਿਤ ਝਗੜਾ ਕਰਦੇ ਰਹਿੰਦੇ ਹਨ, ਦੋ ਅੱਖਾਂ (ਮੀਟ ਕੇ ਇਹ) ਕੀ ਦੇਖ ਸਕਦੇ ਹਨ? {ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ੬੬੨} (ਦ੍ਵੈਤ ਨੂੰ ਹੀ ਦੇਖਦੇ ਹਨ, ਬੁੱਧੀ ਕਰਕੇ ਅਪਣੇ ਆਪ ਨੂੰ ਪ੍ਰਭੂ ਤੋਂ ਜੁਦਾ ਮੰਨਦੇ ਹਨ। ਪ੍ਰਭੂ ਦੀ) ਜੋਤ ਤਾਂ ਮਨ ਦੇ ਅੰਦਰ ਹੈ, (ਜੋ ਗੁਰੂ ਦੇ) ਸ਼ਬਦ ਨੂੰ ਉਚਾਰਨ (ਕੀਰਤਨ) ਨਾਲ ਪ੍ਰਗਟ ਹੁੰਦੀ ਹੈ, (ਇਉਂ ਮਨ ਦੇ ਸਭ) ਝਗੜੇ ਸਤਿਗੁਰੂ ਨਿਬੇੜ (ਮੁਕਾ) ਦੇਂਦੇ ਹਨ (ਗਿਆਨ ਕਰਾ ਦੇਂਦੇ ਹਨ); ਸਤਿਗੁਰੂ (ਜਨਮ ਮਰਨ ਦਾ) ਝਗੜਾ ਮੁਕਾ ਦੇਂਦੇ ਹਨ।੩। ਗੁਰੂ ਨਾਨਕ ਦੇਵ ਜੀ ਅਰਦਾਸ ਕਰਦੇ ਹਨ ਕਿ ਹੇ ਦੇਵਤਿਆਂ ਅਤੇ ਮਨੁੱਖਾਂ ਦੇ ਮਾਲਕ! ਹੇ ਬੇਅੰਤ ਅਤੇ ਜੋਨੀਆਂ ਤੋਂ ਰਹਿਤ ਪ੍ਰਭੂ! ਹੇ ਸੱਚੇ ਤੇ ਪਾਰ ਰਹਿਤ ਮਹਿਲ ਵਿਚ ਰਹਿਣ ਵਾਲੇ ਪ੍ਰਭੂ! ਹੇ ਜਗਤ ਦੇ ਜੀਵਨ ਰੂਪ ਪ੍ਰਭੂ! (ਮੈਨੂੰ) ਸਹਿਜ ਅਵਸਥਾ ਨਿਵਾਸ ਮਿਲੇ, (ਮੈਨੂੰ ਅਪਣੀ) ਮੇਹਰ ਦੀ ਨਜਰ ਨਾਲ ਤਾਰ ਦਿਓ।੪।੨।

ਪਦਾਰਥ = ਨਾਭਿ ਕਮਲ ਤੇ-(ਪੁਰਾਣਾਂ ਅਨੁਸਾਰ ਵਿਸ਼ਨੂੰ ਦੀ) ਧੁੰਨੀ ਤੋਂ ਉਗਿਆ ਕਮਲ ਫੁੱਲ। ਮੁਖਿ ਕੰਠਿ-ਮੂੰਹ ਤੇ ਗਲੇ ਤੋਂ। ਸਵਾਰਿ-ਸਵਾਰ ਕੇ। ਤਾ ਕੋ-ਉਸ (ਕਮਲ ਦੀ ਨਾਲੀ) ਦਾ। ਨ ਜਾਈ ਲਖਣਾ-ਨਹੀ ਜਾਣਿਆ ਜਾ ਸਕਿਆ। ਆਵਤ-ਆਉਂਦਿਆਂ। ਜਾਤ-ਜਾਂਦਿਆਂ। ਗੁਬਾਰਿ-ਹਨ੍ਹੇਰੇ ਵਿਚ।੧। ਕਿਉ ਬਿਸਰਹਿ-ਕਿਉਂ ਭੁੱਲੇਂ। ਪ੍ਰਾਣ ਅਧਾਰ-ਹੇ ਪ੍ਰਾਣਾਂ ਦੇ ਆਸਰੇ!। ਜਾ ਕੀ-ਜਿਸ ਦੀ। ਜਨ ਪੂਰੇ-ਪੂਰਨ ਪੁਰਖ। ਮੁਨਿ ਜਨ-ਸਾਧੂ ਜਨ। ਸੇਵਹਿ-ਸਿਮਰਦੇ ਹਨ। ਵੀਚਾਰਿ-ਉਪਦੇਸ਼ ਦੁਆਰਾ।੧। ਰਹਾਉ। ਰਵਿ-ਸੂਰਜ। ਸਸਿ-ਚੰਦ। ਦੀਪਕ-ਦੀਵੇ। ਜਾ ਕੇ-ਜਿਸ ਦੇ। ਤ੍ਰਿਭਵਣਿ-ਤਿੰਨਾਂ ਭਵਨਾਂ (ਸਾਰੇ ਜਗਤ) ਵਿਚ। ਮੁਰਾਰਿ-ਮੁਰ ਦੈਂਤ ਦਾ ਵੈਰੀ ਕ੍ਰਿਸ਼ਨ; ਅਗਿਆਨ ਵਿਨਾਸ਼ਕ ਗੁਰੂ; ਕਰਤਾਰ। ਸੁ-ਉਹ। ਅਹਿ-ਦਿਨ। ਨਿਸਿ-ਰਾਤ। ਨਿਰਮਲੁ-ਪਵਿਤ੍ਰ। ਰੈਣਿ-ਜੀਵਨ ਰੂਪ ਰਾਤ। ਅੰਧਾਰਿ-ਅਗਿਆਨਤਾ ਦੇ ਹਨ੍ਹੇਰੇ ਵਿਚ।੨। ਸਿਧ-ਕਰਾਮਾਤੀ ਜੋਗੀ। ਝਗਰਾ-ਝਗੜਾ। ਦੁਹੁ ਲੋਚਨ-ਦੋ ਅੱਖਾਂ ਨਾਲ। ਕਿਆ ਹੇਰੈ-ਕੀ ਦੇਖ ਸਕਦੇ ਹਨ?। ਸਬਦੁ ਧੁਨਿ-ਸ਼ਬਦ ਨੂੰ ਉਚਾਰਨ ਨਾਲ। ਜਾਗੈ-ਪ੍ਰਗਟ ਹੁੰਦੀ ਹੈ। ਨਿਬੇਰੈ-ਮੁਕਾ ਦੇਂਦਾ ਹੈ।੩। ਸੁਰਿ-ਦੇਵਤਿਆਂ ਦਾ। ਨਰ-ਮਨੁੱਖਾਂ ਦਾ। ਨਾਥ-ਮਾਲਕ। ਅਜੋਨੀ-ਜੋਨੀਆਂ ਤੋਂ ਰਹਿਤ (ਅਜਨਮਾ)। ਮਹਲਿ ਅਪਾਰਾ-ਪਾਰ ਰਹਿਤ ਮਹਿਲ ਵਿਚ। ਸਹਜਿ-ਸਹਿਜ ਅਵਸਥਾ ਵਿਚ। ਜਗਜੀਵਨ-ਜਗਤ ਦਾ ਜੀਵਨ। ਨਦਰਿ-ਮੇਹਰ ਦੀ ਨਜਰ ਨਾਲ। ਨਿਸਤਾਰਾ-ਪਾਰ ਉਤਾਰਾ; ਮੁਕਤ।੪।੨।

ਵਿਆਖਿਆ = ਅੰਕ ੧ = ਵੱਡੇ ਵੱਡੇ ਦੇਵਤੇ ਵੀ ਪ੍ਰਭੂ ਦਾ ਅੰਤ ਨਹੀਂ ਪਾ ਸਕੇ, ਅੰਤ ਜਾਨਣ ਦੀ ਥਾਂ ਉਸ ਨੂੰ ਜਪ ਕੇ ਉਸ ਵਿਚ ਲੀਨ ਹੋ ਜਾਣਾ ਚਾਹੀਦਾ ਹੈ। ਅੰਕ ੨ = ਸਾਰੇ ਜਗਤ ਵਿਚ ਪ੍ਰਭੂ ਹੀ ਵਿਆਪਕ ਹੈ, ਸੂਰਜ ਚੰਦ ਤੇ ਤਾਰਿਆਂ ਨੂੰ ਉਹ ਰੋਸ਼ਨੀ ਦਿੰਦਾ ਹੈ। ਉਸ ਦੀ ਜੋਤ ਦਾ ਗਿਆਨ ਲੈ ਕੇ ਗੁਰਮੁਖ ਬਣਿਆ ਜਾ ਸਕਦਾ ਹੈ, ਜੋਤ ਦੇ ਗਿਆਨ ਤੋਂ ਬਿਰਵਾ ਰਹਿ ਕੇ ਮਨੁੱਖ ਦਾ ਜੀਵਨ ਹਨ੍ਹੇਰੇ ਵਿਚ ਹੀ ਰਹਿੰਦਾ ਹੈ। ਅੰਕ ੩ = ਸਿੱਧ ਲੋਕ ਸਮਾਧੀਆਂ ਲਾ ਕੇ ਅੱਖਾਂ ਤਾਂ ਮੀਟਦੇ ਹਨ, ਜੇ ਉਨ੍ਹਾਂ ਨੂੰ ਸਮਾਧੀ ਵਿਚ ਜੋਤ ਦਿਸ ਪੈਂਦੀ ਤਾਂ ਬਹਿਸਾਂ ਨਾ ਕਰਦੇ। ਗੁਰਮਤਿ ਤੋਂ ਹੀਣੇ ਹੋਣ ਕਰਕੇ ਦ੍ਵੈਤ ਵਿਚ ਫਸ ਕੇ ਦੂਜਿਆਂ ਨਾਲ ਝਗੜਦੇ ਰਹਿੰਦੇ ਹਨ ਅਤੇ ਇਨ੍ਹਾਂ ਦੇ ਮਨ ਅੰਦਰ ਵੀ ਸੰਸਿਆਂ ਦੇ ਕਾਰਣ ਝਗੜਾ ਬਣਿਆ ਰਹਿੰਦਾ ਹੈ। ਇਸ ਲਈ ਇਨ੍ਹਾਂ ਨੂੰ ਦੋ ਅੱਖਾਂ ਨਾਲ ਦਿਸਣ ਵਾਲੀ ਕੁਦਰਤ ਦੀ ਰਚਨਾ ਵਿਚ ਹਰੀ ਦੀ ਵਿਆਪਕ ਜੋਤ ਨਹੀਂ ਦਿਸਦੀ। ਅੰਕ ੪ ਵਿਚ ਵਿਚ ਹਰੀ ਅੱਗੇ ਅਰਦਾਸ ਕੀਤੀ ਹੈ।

ਅੰਗ ੪੯੦ = ਰਾਗੁ ਗੂਜਰੀ ਮਹਲਾ ੩ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਧ੍ਰਿਗੁ ਇਵੇਹਾ ਜੀਵਣਾ, ਜਿਤੁ ਹਰਿ ਪ੍ਰੀਤਿ ਨ ਪਾਇ ॥ ਜਿਤੁ ਕੰਮਿ ਹਰਿ ਵੀਸਰੈ, ਦੂਜੈ ਲਗੈ ਜਾਇ ॥੧॥ ਐਸਾ ਸਤਿਗੁਰੁ ਸੇਵੀਐ ਮਨਾ, ਜਿਤੁ ਸੇਵਿਐ ਗੋਵਿਦ ਪ੍ਰੀਤਿ ਊਪਜੈ, ਅਵਰ ਵਿਸਰਿ ਸਭ ਜਾਇ ॥ ਹਰਿ ਸੇਤੀ ਚਿਤੁ ਗਹਿ ਰਹੈ, ਜਰਾ ਕਾ ਭਉ ਨ ਹੋਵਈ, ਜੀਵਨ ਪਦਵੀ ਪਾਇ ॥੧॥ਰਹਾਉ॥ ਗੋਬਿੰਦ ਪ੍ਰੀਤਿ ਸਿਉ ਇਕੁ ਸਹਜੁ ਉਪਜਿਆ, ਵੇਖੁ ਜੈਸੀ ਭਗਤਿ ਬਨੀ ॥ ਆਪ ਸੇਤੀ ਆਪੁ ਖਾਇਆ ਤਾ ਮਨੁ ਨਿਰਮਲੁ ਹੋਆ, ਜੋਤੀ ਜੋਤਿ ਸਮਈ ॥੨॥ ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ, ਜੇ ਲੋਚੈ ਸਭੁ ਕੋਇ ॥ ਕੂੜੈ ਕੀ ਪਾਲਿ ਵਿਚਹੁ ਨਿਕਲੈ, ਤਾ ਸਦਾ ਸੁਖੁ ਹੋਇ ॥੩॥ ਨਾਨਕ ਐਸੇ ਸਤਿਗੁਰ ਕੀ ਕਿਆ ਓਹੁ ਸੇਵਕੁ ਸੇਵਾ ਕਰੇ, ਗੁਰ ਆਗੈ ਜੀਉ ਧਰੇਇ ॥ ਸਤਿਗੁਰ ਕਾ ਭਾਣਾ ਚਿਤਿ ਕਰੇ, ਸਤਿਗੁਰੁ ਆਪੇ ਕ੍ਰਿਪਾ ਕਰੇਇ ॥੪॥੧॥੩॥ (ਹੇ ਮੇਰੇ ਮਨ!) ਇਹੋ ਜਿਹਾ ਜੀਵਨ ਫਿਟਕਾਰ ਯੋਗ ਹੈ, ਜਿਸ (ਜੀਵਨ) ਵਿਚ ਹਰੀ ਦੀ ਪ੍ਰੀਤ ਨਹੀਂ ਪੈਂਦੀ। ਜਿਸ ਕੰਮ ਕਰਨ ਨਾਲ ਹਰੀ ਵਿਸਰ ਜਾਵੇ ਅਤੇ ਮਨ ਦੂਜੇ ਪਾਸੇ (ਮੋਹ ਮਾਇਆ ਜਾਂ ਦੇਵਤਿਆਂ ਦੇ ਪ੍ਰੇਮ ਵਿਚ) ਜਾ ਲਗੇ, (ਉਹ ਕੰਮ ਵੀ ਧ੍ਰਿਗ ਹੈ)।੧। ਹੇ (ਮੇਰੇ) ਮਨ! ਇਹੋ ਜਿਹੇ ਸਤਿਗੁਰੂ ਨੂੰ ਸੇਵੀਏ, ਜਿਸ ਦੀ ਸੇਵਾ ਕੀਤਿਆਂ ਪ੍ਰਭੂ ਦੀ ਪ੍ਰੀਤ ਪੈਦਾ ਹੋਵੇ ਅਤੇ ਹੋਰ (ਮਾਇਆ ਤੇ ਦੇਵੀ ਦੇਵਤਿਆਂ ਦੀ ਪ੍ਰੀਤ) ਸਭ ਭੁੱਲ ਜਾਵੇ। ਹਰੀ ਨਾਲ ਚਿਤ ਜੁੜਿਆ ਰਹੇ ਤੇ (ਉਹ) ਜੀਵਨ ਪਦਵੀ ਪਾ ਲਵੇਂ (ਕਿ ਤੈਨੂੰ) ਬੁਢੇਪੇ ਦਾ ਡਰ ਨਾ ਹੋ ਸਕੇ।੧। ਰਹਾਉ। (ਅਪਣੇ ਨਾਲ ਬੀਤੀ ਦਸਦੇ ਹਨ ਕਿ) ਪ੍ਰਭੂ ਦੀ ਪ੍ਰੀਤ ਨਾਲ ਇਕ (ਰੱਬੀ) ਗਿਆਨ ਪੈਦਾ ਹੋ ਗਿਆ ਹੈ, (ਹੇ ਸ਼੍ਰੋਤਾ ਜਨੋਂ!) ਦੇਖੋਂ, ਜਿਹੋ ਜਿਹੀ ਪ੍ਰੇਮਾ ਭਗਤੀ ਬਣ ਗਈ ਹੈ। (ਜਦ ਸ਼ੁੱਧ ਆਤਮਕ) ਆਪੇ ਨਾਲ (ਹਉਮੈ

ਵਾਲਾ) ਆਪਾ ਖਾਧਾ ਗਿਆ ਤਾਂ ਮਨ ਨਿਰਮਲ ਹੋ ਗਿਆ ਅਤੇ ਆਤਮਕ ਜੋਤ ਰੱਬੀ ਜੋਤ ਵਿਚ ਮਿਲ ਗਈ।੨।ਜੇ ਸਭ ਕੋਈ ਚਾਹੁੰਦਾ ਹੋਵੇ, (ਫਿਰ ਵੀ ਉਤਮ) ਭਾਗਾਂ ਤੋਂ ਬਿਨਾ ਇਹੋ ਜਿਹਾ ਸਤਿਗੁਰੂ ਪ੍ਰਾਪਤ ਨਹੀਂ ਹੁੰਦਾ।(ਸਤਿਗੁਰੂ ਦੇ ਮਿਲਣ ਨਾਲ ਜੇ) ਮਨ ਵਿਚੋਂ ਕੂੜ ਦਾ ਪੜਦਾ ਨਿਕਲ ਜਾਵੇ (ਜੋ ਸਾਡੇ ਤੇ ਹਰੀ ਦੇ ਵਿਚਾਲੇ ਹੈ) ਤਾਂ ਸਦਾ ਲਈ (ਆਤਮਕ) ਸੁਖ ਹੋ ਜਾਂਦਾ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ ਸੇਵਕ ਐਸੇ ਸਤਿਗੁਰੂ ਦੀ ਕੀ ਸੇਵਾ ਕਰੇ? (ਇਹੋ ਸੇਵਾ ਕਰੇ ਕਿ ਅਪਣਾ) ਮਨ ਗੁਰੂ ਅੱਗੇ ਭੇਟਾ ਧਰ ਦੇਵੇ।ਅਤੇ ਸਤਿਗੁਰੂ ਦੇ ਭਾਣੇ ਨੂੰ ਚਿਤ ਵਿਚ ਧਾਰਨ ਕਰੇ (ਸਤਿਗੁਰੂ ਦਾ ਹੁਕਮ ਮੰਨੇ, ਫਿਰ) ਸਤਿਗੁਰੂ ਆਪੇ ਕ੍ਰਿਪਾ ਕਰਦੇ ਹਨ।੪।੧।੩।

ਪਦਾਰਥ = ਧ੍ਰਿਗੁ–ਫਿਟਕਾਰ ਯੋਗ।ਇਵੇਹਾ–ਇਹੋ ਜਿਹਾ।ਜਿਤੁ–ਜਿਸ (ਜੀਵਨ) ਵਿਚ।ਜਿਤੁ ਕੰਮਿ–ਜਿਸ ਕੰਮ ਦੇ ਕਰਨ ਨਾਲ।ਦੂਜੈ–ਦੂਜੇ (ਮਾਇਆ ਦੇ ਮੋਹ) ਵਿਚ।੧।ਮਨਾ–ਹੇ ਮਨ!।ਜਿਤੁ ਸੇਵਿਐ–ਜਿਸ ਦੀ ਸੇਵਾ ਕੀਤਿਆਂ।ਅਵਰ–ਹੋਰਨਾਂ ਦੀ (ਪ੍ਰੀਤ)।ਹਰਿ ਸੇਤੀ–ਹਰੀ ਨਾਲ।ਗਹਿ ਰਹੈ–ਜੁੜਿਆ ਰਹੇ।ਜਰਾ ਕਾ–ਬੁਢੇਪੇ ਦਾ।ਭਉ–ਡਰ।ਜੀਵਨ ਪਦਵੀ–ਉਚੀ ਆਤਮਕ ਅਵਸਥਾ (ਜਿਸ ਨੂੰ ਪਾ ਕੇ ਮੁੜ ਮੌਤ ਨਾ ਹੋਵੇ)।੧।ਰਹਾਉ।ਸਿਉ–ਨਾਲ।ਸਹਜ–ਗਿਆਨ; ਪਵਿਤ੍ਰ ਲਗਨ; ਸਹਿਜ ਅਵਸਥਾ।ਜੈਸੀ–ਜਿਹੋ ਜਿਹੀ।ਆਪ ਸੇਤੀ–(ਸ਼ੁੱਧ) ਆਪੇ ਨਾਲ।ਆਪੁ–ਆਪਾ ਭਾਵ (ਅਪਣੱਤ; ਹਉਮੈ)।ਜੋਤੀ–ਰੱਬੀ ਜੋਤ ਵਿਚ।ਜੋਤਿ–ਆਤਮਕ ਜੋਤ।ਸਮਈ–ਮਿਲ ਗਈ।੨। ਲੋਚੈ–ਚਾਹੁੰਦਾ ਹੋਵੇ।ਸਭ ਕੋਈ–ਸਭ ਜੀਵ।ਪਾਲਿ–ਪੜਦਾ।ਵਿਚਹੁ–ਮਨ ਵਿਚੋਂ।੩।ਜੀਉ–ਮਨ।ਧਰੇਇ–ਧਰ ਦੇਵੇ।੪।੧।੩।

ਗੂਜਰੀ ਮਹਲਾ ੩ ॥ ਹਰਿ ਕੀ ਤੁਮ ਸੇਵਾ ਕਰਹੁ ,ਦੂਜੀ ਸੇਵਾ ਕਰਹੁ ਨ ਕੋਇ ਜੀ ॥ ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ, ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥੧॥ ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ, ਹਰਿ ਮੇਰੀ ਕਥਾ ਕਹਾਨੀ ਜੀ ॥ ਗੁਰ ਪ੍ਰਸਾਦਿ ਮੇਰਾ ਮਨੁ ਭੀਜੈ, ਏਹਾ ਸੇਵ ਬਨੀ ਜੀਉ ॥੧॥ਰਹਾਉ॥ ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ,ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ ॥ ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ, ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ ॥੨॥ ਹਰਿ ਬਿਨੁ ਹੋਰ ਰਾਸਿ ਕੂੜੀ ਹੈ, ਚਲਦਿਆ ਨਾਲਿ ਨ ਜਾਈ ॥ ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ, ਜਹਾ ਹਉ ਜਾਉ ਤਹ ਜਾਈ ॥੩॥ ਸੋ ਝੂਠਾ ਜੋ ਝੂਠੇ ਲਾਗੈ, ਝੂਠੇ ਕਰਮ ਕਮਾਈ ॥ ਕਹੈ ਨਾਨਕੁ ਹਰਿ ਕਾ ਭਾਣਾ ਹੋਆ, ਕਹਣਾ ਕਛੂ ਨ ਜਾਈ ॥੪॥੨॥੪॥ (ਹੇ ਭਾਈ!) ਤੁਸੀਂ ਹਰੀ ਦੀ ਹੀ ਸੇਵਾ ਭਗਤੀ ਕਰੋ, (ਇਸ ਤੋਂ ਬਿਨਾ ਕਿਸੇ ਦੇਵੀ ਦੇਵਤੇ ਜਾਂ ਭੂਤਾਂ ਪ੍ਰੇਤਾਂ ਦੀ) ਕੋਈ ਦੂਜੀ ਸੇਵਾ ਨਾ ਕਰੋ ਜੀ।(ਕਿਉਂਕਿ) ਹਰੀ ਦੀ ਸੇਵਾ ਕਰਨ ਨਾਲ ਮਨ ਤੋਂ ਚਿੰਦਿਆ ਫਲ ਪਾ ਲਈਦਾ ਹੈ, (ਪਰ) ਦੂਜੀ ਸੇਵਾ ਕਰਨ ਨਾਲ ਮਨੁੱਖਾ ਜਨਮ ਬਿਰਥਾ ਚਲੇ ਜਾਂਦਾ ਹੈ ਜੀ।੧।(ਹੇ ਭਾਈ!) ਹਰੀ ਨਾਲ ਹੀ ਮੇਰੀ ਪ੍ਰੀਤ ਹੈ, ਹਰੀ ਸਿਮਰਨ ਹੀ ਮੇਰੀ ਰਹੁ ਰੀਤ ਹੈ ਅਤੇ ਹਰੀ ਸਿਮਰਨ ਹੀ ਮੇਰੇ ਲਈ ਕਥਾ ਤੇ ਕਹਾਣੀ ਹੈ ਜੀ (ਮੈਂ ਹਰੀ ਦੀਆਂ ਗੱਲਾਂ ਬਾਤਾਂ ਕਰਦਾ ਤੇ ਸੁਣਦਾ ਰਹਿੰਦਾ ਹਾਂ।ਮੇਰੇ ਵੱਲੋਂ) ਇਹੋ ਸੇਵਾ ਬਣ ਆਈ ਹੈ ਜੀ, (ਬੇਨਤੀ ਹੈ ਕਿ) ਗੁਰੂ ਦੀ ਕ੍ਰਿਪਾ ਨਾਲ ਮੇਰਾ ਮਨ ਹਰੀ ਦੇ ਪ੍ਰੇਮ ਵਿਚ ਭਿੱਜਿਆ ਰਹੇ।੧।ਰਹਾਉ।(ਹੇ ਭਾਈ!) ਹਰੀ ਹੀ ਮੇਰੇ ਲਈ ਸਿਮ੍ਰਤੀ ਹੈ ਤੇ ਹਰੀ ਹੀ ਮੇਰੇ ਲਈ ਸ਼ਾਸਤ੍ਰ ਹੈ, ਹਰੀ ਹੀ ਮੇਰਾ ਰਿਸ਼ਤੇਦਾਰ ਹੈ ਤੇ ਹਰੀ ਹੀ ਮੇਰਾ ਭਰਾ ਹੈ।ਹਰੀ ਦੇ ਨਾਮ ਦੀ ਮੈਨੂੰ ਭੁੱਖ ਲਗਦੀ ਹੈ, ਹਰੀ ਦੇ ਨਾਮ ਨਾਲ ਹੀ ਮੇਰਾ ਮਨ ਰੱਜਦਾ ਹੈ ਅਤੇ ਹਰੀ ਹੀ ਮੇਰਾ (ਸੱਚਾ) ਰਿਸ਼ਤੇਦਾਰ ਹੈ, ਜੋ ਅੰਤ ਵੇਲੇ ਸਹਾਈ ਹੋਵੇਗਾ।੨।ਹਰੀ ਦੇ ਨਾਮ ਤੋਂ ਬਿਨਾ ਹੋਰ (ਸਭ ਤਰ੍ਹਾਂ ਦੀ) ਪੂੰਜੀ ਝੂਠੀ ਹੈ, (ਉਹ ਮਰਨ ਤੋਂ ਬਾਦ ਪ੍ਰਲੋਕ ਨੂੰ) ਜਾਂਦਿਆਂ ਨਾਲ ਨਹੀਂ ਜਾਂਦੀ।ਹਰੀ ਦਾ ਨਾਮ ਹੀ ਮੇਰੇ ਲਈ (ਸੱਚਾ) ਧਨ ਹੈ, (ਜੋ ਪ੍ਰਲੋਕ ਨੂੰ) ਜਾਂਦਿਆਂ ਨਾਲ ਚੱਲੇਗਾ, (ਹੁਣ ਜੀਵਨ ਕਾਲ ਵਿਚ ਵੀ) ਜਿੱਥੇ ਮੈਂ ਜਾਂਦਾ ਹਾਂ, ਉਥੇ (ਮੇਰੇ ਨਾਲ) ਜਾਂਦਾ ਹੈ।੩।ਜੋ ਮਨੁੱਖ ਝੂਠੇ (ਦੇਵੀ ਦੇਵਤਿਆਂ ਦੀ ਪੂਜਾ ਕਰਨ ਵਿਚ) ਲੱਗਾ ਹੋਇਆ ਹੈ, ਉਹ ਝੂਠਾ ਹੈ ਅਤੇ (ਮਾਇਆ ਵਾਸਤੇ) ਝੂਠੇ ਕਰਮ ਕਮਾਉਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਇਹ ਸਭ ਕੁਝ) ਹਰੀ ਦੇ ਭਾਣੇ ਵਿਚ ਹੀ ਹੋਇਆ ਹੈ, (ਇਸ ਲਈ) ਕੁਛ ਕਿਹਾ ਨਹੀਂ ਜਾ ਸਕਦਾ (ਜਿਧਰ ਕੋਈ ਲਗਾ ਹੈ, ਉਹ ਅਪਣੇ ਕੀਤੇ ਕਰਮਾਂ ਕਰਕੇ ਹੀ ਲਗਾ ਹੋਇਆ ਹੈ)।੪।੨।੪।

ਪਦਾਰਥ = ਤੁਮ–ਤੁਸੀਂ।ਤੇ–ਤੋਂ; ਨਾਲ।ਮਨਹੁ–ਮਨ ਤੋਂ।ਚਿੰਦਿਆ–ਚਾਹਿਆ ਹੋਇਆ।ਬਿਰਥਾ–ਬਿਅਰਥ।੧।ਰੀਤਿ–ਰਹੁ ਰੀਤ; ਜੀਵਨ ਮਰਿਆਦਾ (ਸੁਚੱਜਾ ਜੀਵਨ)।ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਭੀਜੈ–ਰੀਝ ਜਾਵੇ।ਬਨੀ–ਬਣ ਆਈ ਹੈ।੧।ਰਹਾਉ।ਬੰਧਪੁ –ਰਿਸ਼ਤੇਦਾਰ।ਸਿਮ੍ਰਿਤਿ–ਰਿਖੀਆਂ ਦੇ ਲਿਖੇ ਧਰਮ ਗ੍ਰੰਥ ਜੋ ਉਨ੍ਹਾਂ ਨੇ ਵੇਦ ਵਾਕਾਂ ਤੇ ਵਿਦਵਾਨਾਂ ਦੇ ਉਪਦੇਸ਼ਾਂ ਨੂੰ ਯਾਦ ਕਰਕੇ ਲਿਖੇ। ਸਾਸਤ੍ਰ–ਹਿੰਦੂਆਂ ਦੇ ਛੇ ਸ਼ਾਸ਼ਤ੍ਰ।ਭਾਈ–ਭਰਾ।ਤ੍ਰਿਪਤੈ–ਰੱਜਦਾ ਹੈ।ਸਾਕੁ–ਰਿਸ਼ਤੇਦਾਰ।ਅੰਤਿ–ਅੰਤ ਸਮੇਂ।ਸਖਾਈ–ਸਹਾਈ; ਸਾਥੀ।੨ ।ਰਾਸਿ–ਪੂੰਜੀ; ਧਨ।ਕੂੜੀ–ਝੂਠੀ (ਨਾਸ਼ਵੰਤ)।ਜਹਾ–ਜਿੱਥੇ।ਹਉ–ਮੈਂ।ਜਾਉ–ਜਾਂਦਾ ਹਾਂ।ਤਹ–ਉਥੇ।੩।ਸੋ–ਉਹ।ਕਮਾਈ–ਕਰਦਾ ਹੈ।ਭਾਣਾ ਹੋਆ–ਭਾਣੇ ਅਨੁਸਾਰ ਹੀ ਹੁੰਦਾ ਹੈ।੪।੨।੪।

ਗੂਜਰੀ ਮਹਲਾ ੩ ॥ ਜੁਗ ਮਾਹਿ ਨਾਮੁ ਦੁਲੰਭੁ ਹੈ, ਗੁਰਮੁਖਿ ਪਾਇਆ ਜਾਇ ॥ ਬਿਨੁ ਨਾਵੈ ਮੁਕਤਿ ਨ ਹੋਵਈ, ਵੇਖਹੁ ਕੋ ਵਿਉਪਾਇ ॥੧॥ ਬਲਿਹਾਰੀ ਗੁਰ ਆਪਣੇ, ਸਦ ਬਲਿਹਾਰੈ ਜਾਉ ॥ ਸਤਿਗੁਰ ਮਿਲਿਐ ਹਰਿ ਮਨਿ ਵਸੈ, ਸਹਜੇ ਰਹੈ ਸਮਾਇ ॥੧॥ਰਹਾਉ॥ ਜਾਂ ਭਉ ਪਾਏ ਆਪਣਾ, ਬੈਰਾਗੁ ਉਪਜੈ ਮਨਿ ਆਇ ॥ ਬੈਰਾਗੈ ਤੇ ਹਰਿ ਪਾਈਐ, ਹਰਿ ਸਿਉ ਰਹੈ ਸਮਾਇ ॥੨॥ ਸੇਇ ਮੁਕਤਿ ਜਿ ਮਨੁ ਜਿਣਹਿ, ਫਿਰਿ ਧਾਤੁ ਨ ਲਾਗੈ ਆਇ ॥ ਦਸਵੈ ਦੁਆਰਿ ਰਹਤ ਕਰੇ, ਤ੍ਰਿਭਵਣ ਸੋਝੀ ਪਾਇ ॥੩॥ ਨਾਨਕ ਗੁਰ ਤੇ ਗੁਰੁ ਹੋਇਆ,

ਵੇਖਹੁ ਤਿਸ ਕੀ ਰਜਾਇ ॥ ਇਹੁ ਕਾਰਣੁ ਕਰਤਾ ਕਰੇ, ਜੋਤੀ ਜੋਤਿ ਸਮਾਇ ॥੪॥੩॥੫॥ (ਹੇ ਭਾਈ!) ਕਲਜੁਗ ਵਿਚ ਹਰੀ ਦਾ ਨਾਮ ਲੱਭਣਾ ਔਖਾ ਹੈ, (ਪਰ) ਗੁਰੂ ਦੁਆਰਾ ਪ੍ਰਾਪਤ ਹੋ ਜਾਂਦਾ ਹੈ।(ਹਰੀ ਦੇ) ਨਾਮ ਤੋਂ ਬਿਨਾ ਮੁਕਤੀ ਨਹੀਂ ਹੋ ਸਕਦੀ, (ਬੇਸ਼ੱਕ ਜਪ ਤਪ ਆਦਿਕ ਸਾਧਨਾਂ ਦੇ) ਕੋਈ ਵਿਸ਼ੇਸ਼ ਉਪਾਉ ਕਰਕੇ ਦੇਖ ਲਵੋ।੧।(ਹੇ ਭਾਈ! ਮੈਂ ਮਨ ਕਰਕੇ) ਅਪਣੇ ਗੁਰੂ ਤੋਂ ਬਲਹਾਰ ਜਾਂਦਾ ਹਾਂ ਅਤੇ (ਤਨ ਕਰਕੇ ਵੀ) ਸਦਾ ਬਲਹਾਰ ਜਾਂਦਾ ਹਾਂ।(ਕਿਉਂਕਿ) ਸਤਿਗੁਰੂ ਦੇ ਮਿਲਣ ਕਰਕੇ ਹਰੀ ਮਨ ਵਿਚ ਵਸ ਜਾਂਦਾ ਹੈ ਅਤੇ (ਮਨੁੱਖ ਹਰੀ ਵਿਚ) ਸੁਭਾਵਕ ਹੀ ਸਮਾਇਆ ਰਹਿੰਦਾ ਹੈ।੧।ਰਹਾਉ।ਜਦੋਂ ਹਰੀ ਅਪਣਾ ਡਰ ਸਾਡੇ ਮਨ ਦੇ ਅੰਦਰ ਪਾਉਂਦਾ ਹੈ, ਤਾਂ ਮਨ ਵਿਚ (ਕੁਦਰਤੀ ਹੀ) ਵੈਰਾਗ ਆ ਪੈਦਾ ਹੁੰਦਾ ਹੈ।ਵੈਰਾਗ ਤੋਂ ਹਰੀ ਪਾਈਦਾ ਹੈ ਅਤੇ ਮਨ ਹਰੀ ਨਾਲ ਮਿਲਿਆ ਰਹਿੰਦਾ ਹੈ।੨।ਉਹ ਪੁਰਖ ਜੀਵਨ ਮੁਕਤ ਹਨ ਜਿਹੜੇ ਮਨ ਨੂੰ ਜਿਤ ਲੈਂਦੇ ਹਨ, ਫਿਰ (ਉਨ੍ਹਾਂ ਨੂੰ) ਮਾਇਆ ਨਹੀ ਆ ਲਗਦੀ (ਚਿੰਬੜਦੀ।ਅਜੇਹੇ ਮਨੁੱਖ) ਦਸਵੇਂ ਦੁਆਰ (ਆਤਮ ਮੰਡਲ) ਵਿਚ ਟਿਕਾਣਾ ਕਰ ਲੈਂਦੇ ਹਨ ਅਤੇ (ਉਹ) ਤਿੰਨਾਂ ਭਵਨਾਂ ਦੀ ਸੋਝੀ ਪ੍ਰਾਪਤ ਕਰ ਲੈਂਦੇ ਹਨ।੩।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਦੁਨੀਆਂ ਦੇ ਲੋਕੋ!) ਦੇਖੋ, ਉਸ ਹਰੀ ਦਾ (ਕੈਸਾ ਅਸਚਰਜ) ਭਾਣਾ ਹੈ, (ਅਸੀਂ) ਗੁਰੂ ਤੋਂ ਗੁਰੂ ਹੋ ਗਏ ਹਾਂ (ਗੁਰੂ ਦਾ ਉਪਦੇਸ਼ ਧਾਰਨ ਕਰਨ ਨਾਲ ਅਮਰਦਾਸ ਸਿੱਖ, ਗੁਰੂ ਦਾ ਰੂਪ ਹੋ ਗਿਆ)।ਇਹ ਕਾਰਣ ਕਰਤਾਰ (ਆਪ ਹੀ) ਕਰਦਾ ਹੈ, (ਸਿੱਖ ਦੀ) ਆਤਮਕ ਜੋਤ ਹਰੀ ਦੀ ਜੋਤ ਵਿਚ ਮਿਲ ਜਾਂਦੀ ਹੈ।੪।੩।੫।

ਪਦਾਰਥ = ਜੁਗ ਮਾਹਿ–ਕਲਜੁਗ ਵਿਚ।ਦੁਲੰਭੁ–ਦੁਰਲੱਭ (ਜੋ ਪ੍ਰਾਪਤ ਹੋਣਾ ਕਠਨ ਹੈ)।ਗੁਰਮੁਖਿ–ਗੁਰੂ ਦੁਆਰਾ।ਕੋ ਵਿਉਪਾਇ–ਵਿ + ਉਪਾਇ–ਕੋਈ ਵਿਸ਼ੇਸ਼ ਉਪਾਉ (ਦੂਜਾ ਜਤਨ); ਕੋਈ ਨਿਰਣਾ ਕਰਕੇ।੧।ਸਦ–ਸਦਾ; ਸੌ ਵਾਰ।ਮਨਿ–ਮਨ ਵਿਚ।ਸਹਜੇ–ਸੁਭਾਵਕ (ਸੁਤੇ) ਹੀ।ਰਹੈ ਸਮਾਇ–ਲੀਨ ਹੋਇਆ ਰਹਿੰਦਾ ਹੈ।੧।ਰਹਾਉ।ਜਾਂ–ਜਦੋਂ।ਭਉ–ਡਰ।ਬੈਰਾਗੁ–ਉਪਰਾਮਤਾ (ਮੋਹ ਰਹਿਤ ਅਵਸਥਾ)।ਤੇ–ਤੋਂ।ਹਰਿ ਸਿਉ–ਹਰੀ ਨਾਲ।੨।ਸੇਇ–ਉਹ (ਪੁਰਖ)।ਮੁਕਤਿ–ਜਨਮ ਮਰਣ ਤੋਂ ਛੁਟਕਾਰਾ।ਜਿ–ਜਿਹੜੇ।ਜਿਣਹਿ–ਜਿੱਤਦੇ ਹਨ। ਫਿਰਿ–ਮੁੜ ਦੁਬਾਰਾ।ਧਾਤੁ–ਮਾਇਆ; ਅਵਿਦਿਆ (ਮ.ਕੋ.)।ਨ ਲਾਗੈ–ਨਹੀਂ ਲਗਦੀ।ਦਸਵੈ ਦੁਆਰਿ–ਆਤਮ ਮੰਡਲ ਵਿਚ।ਰਹਤ–ਟਿਕਾਣਾ (ਰਿਹਾਇਸ਼)।ਤ੍ਰਿਭਵਣ–ਤਿੰਨਾਂ ਭਵਨਾਂ (ਸੁਰਗ, ਪਤਾਲ ਤੇ ਪ੍ਰਿਥਵੀ; ਸਾਰੇ ਸੰਸਾਰ) ਦੀ।੩।ਸੋਝੀ–ਗਿਆਨ।੩।ਗੁਰ ਤੇ–ਗੁਰੂ ਤੋਂ।ਗੁਰੁ ਹੋਇਆ–ਗੁਰੂ ਦਾ ਰੂਪ ਹੋ ਗਿਆ।ਤਿਸ ਕੀ–ਉਸ ਹਰੀ ਦੀ।ਰਜਾਇ–ਭਾਣਾ; ਮਰਜੀ।ਕਾਰਣੁ–ਸਬੱਬ; ਕੰਮ।ਕਰਤਾ–ਕਰਤਾਰ।ਜੋਤੀ–ਹਰੀ ਦੀ ਜੋਤ ਵਿਚ।ਜੋਤਿ–(ਸਿੱਖ ਦੀ) ਆਤਮਕ ਜੋਤ।ਸਮਾਇ–ਮਿਲ ਜਾਂਦੀ ਹੈ।੪।੩।੫।

ਅੰਗ ੪੯੧ = ਗੂਜਰੀ ਮਹਲਾ ੩ ॥ ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ, ਤਾ ਫਲੁ ਪਾਵੈ ਕੋਇ ॥੧॥ ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥ ਹਰਿ ਤਿਸੁ ਕਦੇ ਨ ਵੀਸਰੈ, ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥੧॥ਰਹਾਉ॥ ਹਿਰਦੈ ਜਿਨ੍ ਕੈ ਕਪਟੁ ਵਸੈ, ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ, ਅੰਤਿ ਗਏ ਪਛੁਤਾਹਿ ॥੨॥ ਅਨੇਕ ਤੀਰਥਿ ਜੇ ਜਤਨ ਕਰੈ, ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥ ਜਿਸੁ ਨਰ ਕੀ ਦੁਬਿਧਾ ਨ ਜਾਇ, ਧਰਮਰਾਇ ਤਿਸੁ ਦੇਇ ਸਜਾਇ ॥੩॥ ਕਰਮੁ ਹੋਵੈ ਸੋਈ ਜਨੁ ਪਾਏ, ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ, ਤਾ ਹਰਿ ਭੇਟੈ ਸੋਈ ॥੪॥੪॥੬॥ (ਹੇ ਭਾਈ! ਕਥਨੀ ਮਾਤ੍ਰ ਤਾਂ) ਰਾਮ ਰਾਮ ਸਭ ਕੋਈ ਕਹਿੰਦਾ ਹੈ, (ਪਰ ਨਿਰਾ ਮੂੰਹ ਜਬਾਨੀ) ਕਹਿਣ ਨਾਲ ਹੀ ਰਾਮ ਪ੍ਰਾਪਤ ਨਹੀਂ ਹੁੰਦਾ {ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ।ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ੫੬੫}।ਗੁਰੂ ਦੀ ਕ੍ਰਿਪਾ ਨਾਲ (ਜੇ) ਰਾਮ ਮਨ ਵਿਚ ਵਸ ਜਾਵੇ, ਤਾਂ ਕੋਈ (ਮਨੁੱਖ ਰਾਮ ਕਹਿਣ ਦਾ) ਫਲ ਪ੍ਰਾਪਤ ਕਰਦਾ ਹੈ।੧।ਪ੍ਰਭੂ ਦੀ ਪ੍ਰੀਤ ਜਿਸ ਮਨੁੱਖ ਦੇ ਮਨ ਅੰਦਰ ਲਗ ਜਾਂਦੀ ਹੈ।ਹਰੀ ਉਸ ਨੂੰ ਕਦੇ ਨਹੀਂ ਭੁਲਦਾ, ਉਹ ਸਦਾ ਮਨ ਵਿਚ ਤੇ ਚਿਤ ਵਿਚ ਹਰਿ ਹਰਿ ਦਾ ਸਿਮਰਨ ਕਰਦਾ ਰਹਿੰਦਾ ਹੈ।੧।ਰਹਾਉ।ਜਿਨ੍ਹਾਂ ਦੇ ਹਿਰਦੇ ਵਿਚ ਕਪਟ ਵਸਦਾ ਹੈ ਤੇ ਬਾਹਰੋਂ (ਅਪਣਾ ਆਪ ਨੂੰ) ਸੰਤ ਕਹਾਉਂਦੇ ਹਨ।ਉਨ੍ਹਾਂ ਦੀ (ਮਾਇਆ ਦੀ) ਤ੍ਰਿਸ਼ਨਾ ਮੂਲੋਂ ਹੀ ਨਹੀਂ ਮੁਕਦੀ ਅਤੇ ਅੰਤ ਸਮੇਂ (ਪ੍ਰਲੋਕ ਨੂੰ) ਗਏ ਪਛਤਾਉਂਦੇ ਹਨ।੨।ਜੇ (ਕੋਈ ਮਨੁੱਖ) ਅਨੇਕਾਂ ਤੀਰਥਾਂ ਦੀ ਯਾਤਰਾ ਦਾ ਜਤਨ ਕਰਦਾ ਰਹੇ, ਤਾਂ ਵੀ ਉਸ ਦੇ ਅੰਦਰ ਦੀ ਹਉਮੈ ਦੀ ਮੈਲ ਕਦੇ ਨਹੀਂ ਜਾਂਦੀ।ਜਿਸ ਮਨੁੱਖ ਦੀ ਦੁਬਿਧਾ ਦੂਰ ਨਹੀਂ ਜਾਂਦੀ, ਉਸ ਨੂੰ ਧਰਮਰਾਜਾ ਸਜਾ ਦੇਂਦਾ ਹੈ।੩।(ਜਿਸ ਮਨੁੱਖ ਉਤੇ ਹਰੀ ਦੀ) ਕ੍ਰਿਪਾ ਹੁੰਦੀ ਹੈ, ਉਹ ਪੁਰਖ ਹੀ (ਹਰੀ ਦੇ ਨਾਮ ਨੂੰ) ਪ੍ਰਾਪਤ ਕਰਦਾ ਹੈ, (ਪਰ ਇਹ ਗੱਲ) ਗੁਰੂ ਦੁਆਰਾ ਕੋਈ ਵਿਰਲਾ ਮਨੁੱਖ ਸਮਝਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ ਮਨੁੱਖ ਮਨ) ਵਿਚੋਂ ਹਉਮੈ ਨੂੰ ਮਾਰ ਲੈਂਦਾ ਹੈ, ਤਦ ਉਹ ਹੀ ਹਰੀ ਨੂੰ ਮਿਲਦਾ ਹੈ।੪।੪।੬।

ਪਦਾਰਥ = ਰਾਮ–ਸਰਬ ਵਿਆਪਕ ਪ੍ਰਭੂ।ਸਭੁ ਕੋ–ਹਰੇਕ ਜੀਵ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਤਾ–ਤਾਂ; ਤਦ।੧।ਅੰਤਰਿ–ਮਨ ਦੇ ਅੰਦਰ।ਜਿਸੁ–ਜਿਸ ਦੇ।ਤਿਸੁ–ਉਸ ਨੂੰ।ਨ ਵੀਸਰੈ–ਨਹੀਂ ਭੁਲਦਾ।ਮਨਿ–ਮਨ ਵਿਚ।ਚੀਤਿ–ਚਿਤ ਵਿਚ।੧।ਰਹਾਉ।ਹਿਰਦੈ–ਹਿਰਦੇ ਵਿਚ।ਕਪਟੁ–ਛਲ; ਫਰੇਬ।ਕਹਾਹਿ–ਕਹਾਉਂਦੇ ਹਨ।ਨ ਚੁਕਈ–ਨਹੀਂ ਮੁੱਕਦੀ।ਅੰਤਿ ਗਏ–ਅੰਤ ਵਿਚ (ਪ੍ਰਲੋਕ ਨੂੰ) ਗਏ। ਪਛੁਤਾਹਿ–ਪਛਤਾਉਂਦੇ ਹਨ।੨।ਅੰਤਰ ਕੀ–ਅੰਦਰ ਦੀ।ਨਰ ਕੀ–ਮਨੁੱਖ ਦੀ।ਦੁਬਿਧਾ–ਦੁਚਿੱਤਾਪਣ।ਦੇਇ–ਦੇਂਦਾ ਹੈ।੩।ਕਰਮੁ–ਕ੍ਰਿਪਾ; ਬਖਸ਼ਿਸ਼।ਸੋਈ ਜਨੁ–ਉਹ ਪੁਰਖ ਹੀ।ਗੁਰਮੁਖਿ–ਗੁਰੂ ਦੁਆਰਾ।ਬੂਝੈ–ਸਮਝਦਾ ਹੈ।ਭੇਟੈ–ਮਿਲਦਾ ਹੈ।੪।੪।੬।

ਗੂਜਰੀ ਮਹਲਾ ੩ ॥ ਤਿਸੁ ਜਨ ਸਾਂਤਿ ਸਦਾ ਮਤਿ ਨਿਹਚਲ, ਜਿਸ ਕਾ ਅਭਿਮਾਨੁ ਗਵਾਏ ॥ ਸੋ ਜਨੁ ਨਿਰਮਲੁ ਜਿ ਗੁਰਮੁਖਿ ਬੂਝੈ, ਹਰਿ ਚਰਣੀ ਚਿਤੁ ਲਾਏ ॥੧॥ ਹਰਿ ਚੇਤਿ ਅਚੇਤ ਮਨਾ, ਜੋ ਇਛਹਿ ਸੋ ਫਲੁ ਹੋਈ ॥ ਗੁਰ ਪਰਸਾਦੀ ਹਰਿ ਰਸੁ ਪਾਵਹਿ, ਪੀਵਤ ਰਹਹਿ ਸਦਾ ਸੁਖੁ ਹੋਈ ॥੧॥ਰਹਾਉ॥ ਸਤਿਗੁਰੁ ਭੇਟੇ ਤਾ ਪਾਰਸੁ ਹੋਵੈ, ਪਾਰਸੁ ਹੋਇ ਤ ਪੂਜ ਕਰਾਏ ॥ ਜੋ ਉਸੁ ਪੂਜੇ ਸੋ ਫਲੁ ਪਾਏ, ਦੀਖਿਆ ਦੇਵੈ ਸਾਚੁ ਬੁਝਾਏ ॥੨॥ ਵਿਣੁ ਪਾਰਸੈ ਪੂਜ ਨ ਹੋਵਈ, ਵਿਣੁ ਮਨ ਪਰਚੇ ਅਵਰਾ ਸਮਝਾਏ ॥ ਗੁਰੂ ਸਦਾਏ ਅਗਿਆਨੀ ਅੰਧਾ, ਕਿਸੁ ਓਹੁ ਮਾਰਗਿ ਪਾਏ ॥੩॥ ਨਾਨਕ ਵਿਣੁ ਨਦਰੀ ਕਿਛੂ ਨ ਪਾਈਐ, ਜਿਸੁ ਨਦਰਿ ਕਰੇ ਸੋ ਪਾਏ ॥ ਗੁਰ ਪਰਸਾਦੀ ਦੇਇ ਵਡਿਆਈ, ਆਪਣਾ ਸਬਦੁ ਵਰਤਾਏ ॥੪॥੫॥੭॥(ਹੇ ਭਾਈ!) ਉਸ ਮਨੁੱਖ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਉਸ ਦੀ ਬੁੱਧੀ ਸਦਾ ਟਿਕਾਣੇ (ਅਡੋਲ) ਰਹਿੰਦੀ ਹੈ, (ਪ੍ਰਭੂ) ਜਿਸ ਦਾ ਅਭਿਮਾਨ ਦੂਰ ਕਰ ਦੇਂਦਾ ਹੈ। ਉਹ ਮਨੁੱਖ ਪਵਿਤ੍ਰ (ਵਿਕਾਰਾਂ ਦੀ ਮੈਲ ਤੋਂ ਰਹਿਤ) ਹੈ, ਜਿਹੜਾ ਗੁਰੂ ਦੁਆਰਾ ਇਸ ਭੇਤ ਨੂੰ ਸਮਝ ਲੈਂਦਾ ਹੈ ਅਤੇ (ਉਹ ਅਪਣਾ) ਚਿਤ ਹਰੀ ਦੇ ਚਰਣਾਂ ਵਿਚ ਲਾਉਂਦਾ ਹੈ।੧। ਹੇ ਮੂਰਖ ਮਨ! ਹਰੀ ਨੂੰ ਚੇਤੇ ਕਰ, (ਫਿਰ ਤੂੰ) ਜੋ ਵੀ ਚਾਹੇਂਗਾ, ਉਹੋ ਫਲ (ਤੈਨੂੰ) ਪ੍ਰਾਪਤ ਹੋ ਜਾਵੇਗਾ। ਗੁਰੂ ਦੀ ਕ੍ਰਿਪਾ ਨਾਲ ਹਰੀ ਦਾ ਨਾਮ ਰਸ ਪਾ ਲਵੇਂਗਾ, (ਜੇ ਤੂੰ ਇਹ ਰਸ) ਪੀਂਦਾ ਰਹੇਂਗਾ, (ਤਾਂ ਤੈਨੂੰ) ਸਦਾ ਸੁਖ ਪ੍ਰਾਪਤ ਹੋਇਆ ਰਹੇਗਾ।੧।ਰਹਾਉ।(ਹੇ ਮਨਾ! ਜਿਹੜਾ ਪੁਰਖ ਪਾਰਸ ਰੂਪ) ਸਤਿਗੁਰੂ ਨੂੰ ਮਿਲਦਾ ਹੈ, ਤਾਂ (ਉਹ ਵੀ ਗੁਰੂ ਦਾ ਰੂਪ) ਪਾਰਸ ਹੋ ਜਾਂਦਾ ਹੈ, (ਜਦ ਉਹ) ਪਾਰਸ ਹੋ ਜਾਂਦਾ ਹੈ ਤਾਂ (ਪ੍ਰਭੂ ਉਸ ਦਾ ਲੋਕਾਂ ਤੋਂ) ਆਦਰ ਕਰਾਉਂਦਾ ਹੈ। ਜੋ ਵੀ ਉਸ (ਪਾਰਸ ਬਣੇ ਮਨੁੱਖ) ਨੂੰ ਪੂਜਦਾ ਹੈ, ਉਹ ਮਨ ਇੱਛਤ ਫਲ ਪਾ ਲੈਂਦਾ ਹੈ (ਕਿਉਂਕਿ ਉਹ ਗੁਰੂ ਰੂਪ ਹੋ ਕੇ ਲੋਕਾਂ ਨੂੰ) ਸਿੱਖਿਆ ਦੇਂਦਾ ਹੈ ਅਤੇ (ਗੁਰਮਤਿ ਦਾ) ਸੱਚਾ ਮਾਰਗ ਸਮਝਾ ਦੇਂਦਾ ਹੈ।੨।(ਹੇ ਭਾਈ!) ਪਾਰਸ ਬਣੇ ਤੋਂ ਬਿਨਾ ਕਿਸੇ ਦੀ ਪੂਜਾ ਨਹੀਂ ਹੁੰਦੀ (ਗੁਰੂ ਰੂਪ ਹੋਣ ਤੋਂ ਬਿਨਾ ਆਦਰ ਮਾਣ ਨਹੀਂ ਮਿਲਦਾ, ਜੇ ਕੋਈ ਮਨੁੱਖ) ਮਨ ਨੂੰ ਨਿਸਚਾ ਹੋਏ ਤੋਂ ਬਿਨਾ ਹੋਰਨਾਂ ਨੂੰ ਸਮਝਾਵੇ (ਉਪਦੇਸ਼ ਦੇਵੇ। ਤੇ ਅਜੇਹਾ) ਮੂਰਖ ਅਗਿਆਨੀ ਮਨੁੱਖ ਗੁਰੂ ਸਦਾਉਣ ਲਗ ਪਵੇ, ਤਾਂ ਉਹ ਕਿਸ ਨੂੰ (ਸੱਚ ਦੇ) ਰਸਤੇ ਪਾ ਸਕਦਾ ਹੈ? (ਅਜੇਹੇ ਮੂਰਖ ਤੋਂ ਜੋ ਵੀ ਮਨੁੱਖ ਸਿਖਿਆ ਲਵੇਗਾ, ਉਹ ਵੀ ਅਗਿਆਨ ਗ੍ਰਸਤ ਹੀ ਹੋਵੇਗਾ) ।੩। ਨਾਨਕ ਗੁਰੂ ਜੀ ਆਖਦੇ ਹਨ (ਕਿ ਕਿਸੇ ਦੇ ਵਸ ਨਹੀਂ ਹੈ, ਪ੍ਰਭੂ ਦੀ ਕ੍ਰਿਪਾ) ਦ੍ਰਿਸਟੀ ਤੋਂ ਬਿਨਾ ਕੁਛ ਵੀ ਪ੍ਰਾਪਤ ਨਹੀਂ ਹੁੰਦਾ, ਜਿਸ ਮਨੁੱਖ ਉਤੇ (ਪ੍ਰਭੂ ਮੇਹਰ ਦੀ) ਨਜਰ ਕਰਦਾ ਹੈ, ਉਹ (ਉਚੀ ਆਤਮਕ ਅਵਸਥਾ) ਪ੍ਰਾਪਤ ਕਰ ਲੈਂਦਾ ਹੈ।(ਪ੍ਰਭੂ ਅਜੇਹੇ ਪੁਰਖ ਨੂੰ) ਗੁਰੂ ਦੀ ਕ੍ਰਿਪਾ ਨਾਲ ਵਡਿਆਈ ਦੇਂਦਾ ਹੈ ਅਤੇ ਅਪਣਾ ਸ਼ਬਦ (ਨਾਮ ਉਸ ਦੇ ਹਿਰਦੇ ਅੰਦਰ) ਵਰਤਾ (ਭਰ) ਦੇਂਦਾ ਹੈ।੪।

ਪਦਾਰਥ = ਮਤਿ-ਬੁੱਧੀ; ਅਕਲ। ਨਿਹਚਲ-ਅਡੋਲ। ਸੋ ਜਨੁ-ਉਹ ਮਨੁੱਖ। ਨਿਰਮਲੁ-ਪਵਿਤ੍ਰ। ਜਿ-ਜਿਹੜਾ।੧। ਚੇਤਿ-ਚੇਤੇ ਕਰ। ਅਚੇਤ-ਮੂਰਖ। ਪਾਵਹਿ-ਪਾ ਲਵੇਂਗਾ। ਪੀਵਤ ਰਹਹਿ-(ਜੇ ਤੂੰ) ਪੀਂਦਾ ਰਹੇਂਗਾ।੧।ਰਹਾਉ। ਭੇਟੇ-ਮਿਲਦਾ ਹੈ। ਪਾਰਸੁ-ਇਕ ਪੱਥਰ ਜੋ ਲੋਹੇ ਨੂੰ ਸੋਨਾ ਬਣਾ ਦੇਂਦਾ ਹੈ। ਪੂਜ ਕਰਾਏ-ਆਦਰ ਕਰਾਉਂਦਾ ਹੈ। ਦੀਖਿਆ-(ਗੁਰਮਤ ਦੀ) ਸਿੱਖਿਆ।੨। ਨ ਹੋਵਈ-ਨਹੀਂ ਹੁੰਦੀ। ਵਿਣੁ ਮਨ ਪਰਚੇ-ਮਨ ਨੂੰ ਨਿਸ਼ਚਾ ਜਾਂ ਰੱਬੀ ਗਿਆਨ ਹੋਏ ਬਿਨਾ। ਅਵਰਾ-ਹੋਰਨਾਂ ਨੂੰ। ਅੰਧਾ-ਵਿਚਾਰ ਹੀਣ (ਮੂਰਖ)।੩। ਨਦਰੀ-ਮੇਹਰ ਦੀ ਨਜਰ। ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ। ਸਬਦੁ-ਨਾਮ; ਹੁਕਮ। ਵਰਤਾਏ-ਭਰ (ਵਸਾ) ਦੇਂਦਾ ਹੈ।੪।੫।੭।

ਵਿਆਖਿਆ = ਗੁਰੂ ਅਮਰਦਾਸ ਜੀ ਇਸ ਸ਼ਬਦ ਵਿਚ ਨਕਲੀ ਗੁਰੂਆਂ ਦਾ ਜਿਕਰ ਕਰਦੇ ਹਨ। ਪਾਰਸ ਗੁਰੂ ਨਾਲ ਮਿਲ ਕੇ ਸਿੱਖ ਗੁਰੂ ਦਾ ਹੀ ਰੂਪ ਬਣ ਜਾਂਦਾ ਹੈ, ਜਿਵੇਂ ਬਾਬਾ ਲਹਣਾ ਜੀ ਗੁਰੂ ਨਾਨਕ ਦੇਵ ਜਾ ਦਾ ਅਤੇ ਅਮਰਦਾਸ ਜੀ ਗੁਰੂ ਅੰਗਦ ਦੇਵ ਦਾ ਰੂਪ ਹੋ ਗਏ ਸਨ। ਗੁਰੂ ਅਮਰਦਾਸ ਜੀ ਨੇ ਗੁਰੂ ਦਾ ਰੂਪ ਬਣੇ ਸਿੱਖਾਂ ਨੂੰ ਮੰਜੀਆਂ ਬਖਸ਼ੀਆਂ ਅਤੇ ਉਨ੍ਹਾਂ ਨੂੰ ਗੁਰਮਤਿ ਦਾ ਪ੍ਰਚਾਰ ਕਰਨ ਲਈ ਦੂਰ ਦੁਰਾਡੇ ਭੇਜਿਆ। ਅਜੇਹੇ ਮੰਜੀਦਾਰਾਂ ਨੂੰ ਗੁਰੂ ਰਾਮਦਾਸ ਜੀ ਨੇ ਮਸੰਦ ਅਸਥਾਪਨ ਕੀਤਾ, ਲੋਕ ਇਨ੍ਹਾਂ ਮਸੰਦਾਂ ਨੂੰ ਗੁਰੂ ਦਾ ਰੂਪ ਜਾਣ ਕੇ ਸਤਿਕਾਰ ਕਰਦੇ ਸਨ। ਗੁਰੂ ਅੰਗਦ ਦੇਵ ਜੀ ਦੇ ਪੁਤ੍ਰ ਬਾਬਾ ਦਾਤੂ ਨੇ ਗੁਰੂ ਅਮਰਦਾਸ ਜੀ ਦੇ ਲੱਤ ਮਾਰੀ ਤੇ ਆਪ ਗੱਦੀ ਤੇ ਬੈਠ ਗਿਆ। ਇਸ ਸ਼ਬਦ ਵਿਚ ਉਨ੍ਹਾਂ ਅਗਿਆਨੀ ਤੇ ਮੂਰਖ ਲੋਕਾਂ ਦਾ ਜਿਕਰ ਕਰਦੇ ਹਨ ਜੋ ਅਪਣੇ ਆਪ ਗੁਰੂ ਬਣ ਬੈਠਦੇ ਹਨ, ਅਪਣੇ ਹੰਕਾਰ ਵਿਚ ਸੱਚੇ ਗੁਰੂ ਦੀ ਵਿਰੋਧਤਾ ਕਰਕੇ ਅਜੇਹੇ ਨਕਲੀ ਗੁਰੂਆਂ ਨੂੰ ਸ਼ਾਂਤੀ ਨਹੀਂ ਮਿਲਦੀ।

ਗੂਜਰੀ ਮਹਲਾ ੩ ਪੰਚਪਦੇ ॥ ਨਾ ਕਾਸੀ ਮਤਿ ਊਪਜੈ, ਨਾ ਕਾਸੀ ਮਤਿ ਜਾਇ ॥ ਸਤਿਗੁਰ ਮਿਲਿਐ ਮਤਿ ਊਪਜੈ, ਤਾ ਇਹ ਸੋਝੀ ਪਾਇ ॥੧॥ ਹਰਿ ਕਥਾ ਤੂੰ ਸੁਣਿ ਰੇ ਮਨ, ਸਬਦੁ ਮੰਨਿ ਵਸਾਇ ॥ ਇਹ ਮਤਿ ਤੇਰੀ ਥਿਰੁ ਰਹੈ, ਤਾਂ ਭਰਮੁ ਵਿਚਹੁ ਜਾਇ ॥੧॥ਰਹਾਉ॥ ਹਰਿ ਚਰਣ ਰਿਦੈ ਵਸਾਇ ਤੂ ,ਕਿਲਵਿਖ ਹੋਵਹਿ ਨਾਸੁ ॥ ਪੰਚ ਭੂ ਆਤਮਾ ਵਸਿ ਕਰਹਿ, ਤਾ ਤੀਰਥ ਕਰਹਿ ਨਿਵਾਸੁ ॥੨॥ ਮਨਮੁਖਿ ਇਹੁ ਮਨੁ ਮੁਗਧੁ ਹੈ, ਸੋਝੀ ਕਿਛੂ ਨ ਪਾਇ ॥ ਹਰਿ ਕਾ ਨਾਮੁ ਨ ਬੁਝਈ, ਅੰਤਿ ਗਇਆ ਪਛੁਤਾਇ ॥੩॥ ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ, ਸਤਿਗੁਰ ਦੀਆ ਬੁਝਾਇ ॥ ਅਠਸਠਿ ਤੀਰਥ ਤਿਸੁ ਸੰਗਿ ਰਹਹਿ, ਜਿਨ ਹਰਿ ਹਿਰਦੈ ਰਹਿਆ ਸਮਾਇ ॥੪॥ ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ, ਏਕੁ ਵਸਿਆ ਮਨਿ ਆਇ ॥ ਜੋ ਤੁਧੁ ਭਾਵੈ ਸਭੁ ਸਚੁ ਹੈ, ਸਚੇ ਰਹੈ ਸਮਾਇ ॥੫॥੬॥੮॥ (ਇਕ ਪੰਡਤ ਕਾਂਸ਼ੀ ਦੀ ਉਪਮਾ ਕਰਦਾ ਹੋਇਆ ਆਖਣ ਲੱਗਾ ਕਿ ਕਾਂਸ਼ੀ ਵਿਚ ਰਹਿਣ ਨਾਲ ਉਤਮ ਬੁੱਧੀ ਪੈਦਾ ਹੁੰਦੀ ਹੈ, ਗੁਰੂ ਜੀ ਉਸ ਦਾ ਭਰਮ ਤੋੜਨ ਵਾਸਤੇ ਇਸ ਸ਼ਬਦ ਦੁਆਰਾ ਉਪਦੇਸ਼ ਦੇਂਦੇ ਹਨ। ਹੇ ਪੰਡਤ! ਨਿਰਮਲ) ਮੱਤ ਕਾਂਸ਼ੀ ਆਦਿ ਤੀਰਥਾਂ ਤੇ ਜਾ ਕੇ ਵਸਣ

ਨਾਲ ਪੈਦਾ ਨਹੀਂ ਹੁੰਦੀ ਅਤੇ ਨਾ ਹੀ ਕਾਂਸੀ ਵਿਚ ਵਸਣ ਨਾਲ ਖੋਟੀ ਮੱਤ ਦੂਰ ਜਾਂਦੀ ਹੈ। ਸਤਿਗੁਰੂ ਨੂੰ ਮਿਲਿਆਂ ਮੱਤ ਪੈਦਾ ਹੁੰਦੀ ਹੈ, ਤਦ ਇਹ ਸਮਝ ਪ੍ਰਾਪਤ ਹੁੰਦੀ ਹੈ (ਕਿ ਚੰਗੀ ਅਕਲ ਕਿਥੋਂ ਮਿਲਦੀ ਹੈ ਅਤੇ ਕੁਮੱਤ ਕਿਵੇਂ ਦੂਰ ਹੁੰਦੀ ਹੈ?)।੧। ਹੇ ਮੇਰੇ ਮਨ! ਹਰੀ ਦੀ ਕਥਾ ਸੁਣ ਅਤੇ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾ। (ਇਉਂ ਜਦ ਸਤਿਗੁਰੂ ਦੇ ਮਿਲਿਆਂ) ਤੇਰੀ ਇਹ ਮੱਤ ਸਥਿਰ ਰਹੇਗੀ (ਡੋਲੇਗੀ ਨਹੀਂ), ਤਦ ਭਰਮ ਮਨ ਵਿਚੋਂ ਦੂਰ ਹੋ ਜਾਵੇਗਾ (ਜਿਸ ਕਰਕੇ ਮਨ ਭਟਕਦਾ ਰਹਿੰਦਾ ਹੈ)।੧। ਰਹਾਉ। (ਹੇ ਭਾਈ!) ਤੂੰ ਹਰੀ ਦੇ ਚਰਣ ਅਪਣੇ ਹਿਰਦੇ ਵਿਚ ਵਸਾ ਲੈ, (ਫਿਰ ਤੇਰੇ ਸਾਰੇ) ਪਾਪ ਨਾਸ਼ ਹੋ ਜਾਣਗੇ। (ਜੇ ਤੂੰ) ਪੰਜ ਸੂਖਮ ਤੱਤਾਂ ਤੋਂ ਬਣੇ ਮਨ ਨੂੰ ਵਸ ਵਿਚ ਕਰ ਲਵੇਂ {ਇਹੁ ਮਨੁ ਪੰਚ ਤਤੁ ਤੇ ਜਨਮਾ ੪੧੫} ਤਾਂ (ਸੁਤੇ ਹੀ ਤੂੰ ਆਤਮਾ ਰੂਪ) ਤੀਰਥ ਤੇ ਵਾਸਾ ਕਰ ਲਵੇਂਗਾ।੨। ਮਨਮੁਖ ਦਾ ਇਹ ਮਨ ਮੂਰਖ ਹੈ, (ਉਸ ਨੂੰ) ਕੁਛ ਸਮਝ ਪ੍ਰਾਪਤ ਨਹੀਂ ਹੁੰਦੀ। (ਕਿਉਂਕਿ ਉਹ) ਹਰੀ ਦੇ ਨਾਮ ਨੂੰ ਨਹੀਂ ਸਮਝਦਾ, ਅੰਤ (ਸੰਸਾਰ ਤੋਂ) ਗਿਆ ਪਛਤਾਉਂਦਾ ਹੈ।੩। ਸਤਿਗੁਰੂ ਨੇ ਸਮਝਾ ਦਿਤਾ ਹੈ ਕਿ ਇਹ (ਨਿਰਮਲ ਹੋਇਆ) ਮਨ ਹੀ ਕਾਂਸ਼ੀ ਆਦਿ ਸਾਰੇ ਤੀਰਥ, ਸਿਮ੍ਰਤੀਆਂ ਰੂਪ ਹੈ। ਅਠਾਹਠ ਤੀਰਥ ਉਸ ਦੇ ਨਾਲ ਰਹਿੰਦੇ ਹਨ, ਜਿਨ੍ਹਾਂ (ਪੁਰਖਾਂ) ਦੇ ਹਿਰਦੇ ਵਿਚ ਹਰੀ ਵਸ ਰਿਹਾ ਹੈ {ਅਠਸਠਿ ਤੀਰਥ ਹਰਿ ਨਾਮੁ ਹੈ, ਕਿਲਵਿਖ ਕਾਟਣਹਾਰਾ ੧੦੦੯}।੪। ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਨੇ) ਸਤਿਗੁਰੂ ਦੇ ਮਿਲਣ ਕਰਕੇ ਹੁਕਮ ਨੂੰ ਸਮਝਿਆ ਹੈ, ਉਸ ਦੇ ਮਨ ਵਿਚ ਇਕ ਪ੍ਰਭੂ ਆ ਵਸਿਆ ਹੈ। (ਉਹ ਪੁਰਖ) ਸੱਚੇ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ ਅਤੇ (ਆਖਦਾ ਹੈ ਕਿ ਹੇ ਪ੍ਰਭੂ!) ਜੋ ਤੈਨੂੰ ਭਾਉਂਦਾ ਹੈ ਉਹੋ ਸਭ ਸੱਚ ਹੈ (ਭਾਣੇ ਵਿਚ ਜੀਵਨ ਗੁਜਾਰਦਾ ਹੈ)।੫।੬।੮।

ਪਦਾਰਥ = ਕਾਸੀ–ਬਨਾਰਸ (ਹਿੰਦੂਆਂ ਦਾ ਮੁਖ ਤੀਰਥ ਤੇ ਵਿਦਿਆ ਦੀ ਟਕਸਾਲ)। ਮਤਿ–ਬੁੱਧੀ (ਅਕਲ)। ਜਾਇ–ਚਲੇ ਜਾਂਦੀ ਹੈ। ਤਾ –ਤਦ।੧। ਰੇ ਮਨ–ਹੇ ਮਨ!। ਮੰਨਿ–ਮਨ ਵਿਚ। ਥਿਰੁ–ਸਥਿਰ; ਅਡੋਲ।੧। ਰਹਾਉ। ਰਿਦੈ–ਹਿਰਦੇ ਵਿਚ। ਕਿਲਵਿਖ–ਪਾਪ। ਪੰਚ ਭੂ– ਪੰਜ ਸੂਖਮ ਤੱਤਾਂ ਦੀ ਅੰਸ਼ ਤੋਂ ਬਣਿਆ ਅੰਤਹਕਰਣ (ਮਨ)। ਵਸਿ–ਕਾਬੂ ਵਿਚ।੨। ਮੁਗਧੁ–ਮੂਰਖ। ਸੋਝੀ–ਸਮਝ; ਗਿਆਨ। ਨ ਬੂਝਈ –ਨਹੀਂ ਸਮਝਦਾ। ਅੰਤਿ–ਅੰਤ (ਮਰਨ) ਵੇਲੇ।੩। ਅਠਸਠਿ–(ਹਿੰਦੂਆਂ ਦੇ) ਅਠਾਹਠ ਤੀਰਥ। ਤਿਸੁ ਸੰਗਿ–ਉਸ ਦੇ ਨਾਲ। ਰਹਿਆ ਸਮਾਇ–ਵਸ ਰਿਹਾ ਹੈ।੪। ਏਕੁ–ਇਕ ਪ੍ਰਭੂ। ਤੁਧੁ–ਤੈਨੂੰ। ਭਾਵੈ–ਚੰਗਾ ਲਗਦਾ ਹੈ। ਸਚੇ–ਸੱਚੇ ਪ੍ਰਭੂ ਵਿਚ। ਸਮਾਇ–ਲੀਨ।੫।੬।੮।

ਅੰਗ ੪੯੨ = ਗੂਜਰੀ ਮਹਲਾ ੩ ਤੀਜਾ ॥ ਏਕੋ ਨਾਮੁ ਨਿਧਾਨੁ ਪੰਡਿਤ, ਸੁਣਿ ਸਿਖੁ ਸਚੁ ਸੋਈ ॥ ਦੂਜੈ ਭਾਇ ਜੇਤਾ ਪੜਹਿ, ਪੜਤ ਗੁਣਤ ਸਦਾ ਦੁਖੁ ਹੋਈ ॥੧॥ ਹਰਿ ਚਰਣੀ ਤੂੰ ਲਾਗਿ ਰਹੁ ,ਗੁਰ ਸਬਦਿ ਸੋਝੀ ਹੋਈ ॥ ਹਰਿ ਰਸੁ ਰਸਨਾ ਚਾਖੁ ਤੂੰ ,ਤਾਂ ਮਨੁ ਨਿਰਮਲੁ ਹੋਈ ॥੧॥ਰਹਾਉ॥ ਸਤਿਗੁਰ ਮਿਲਿਐ ਮਨੁ ਸੰਤੋਖੀਐ, ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥ ਨਾਮੁ ਨਿਧਾਨੁ ਪਾਇਆ, ਪਰ ਘਰਿ ਜਾਇ ਨ ਕੋਇ ॥੨॥ ਕਥਨੀ ਬਦਨੀ ਜੇ ਕਰੇ, ਮਨਮੁਖਿ ਬੂਝ ਨ ਹੋਇ ॥ ਗੁਰਮਤੀ ਘਟਿ ਚਾਨਣਾ, ਹਰਿ ਨਾਮੁ ਪਾਵੈ ਸੋਇ ॥੩॥ ਸੁਣਿ ਸਾਸਤ੍ਰ ਤੂੰ ਨ ਬੁਝਹੀ, ਤਾ ਫਿਰਹਿ ਬਾਰੋ ਬਾਰ ॥ ਸੋ ਮੂਰਖੁ ਜੋ ਆਪੁ ਨ ਪਛਾਣਈ, ਸਚਿ ਨ ਧਰੇ ਪਿਆਰੁ ॥੪॥ ਸਚੈ ਜਗਤੁ ਡਹਕਾਇਆ, ਕਹਣਾ ਕਛੂ ਨ ਜਾਇ ॥ ਨਾਨਕ ਜੋ ਤਿਸੁ ਭਾਵੈ ਸੋ ਕਰੇ, ਜਿਉ ਤਿਸ ਕੀ ਰਜਾਇ ॥੫॥੭॥੯॥ ਹੇ ਪੰਡਤ! ਸੁਣ, ਪ੍ਰਭੂ ਦਾ ਇਕ ਨਾਮ ਹੀ (ਸੱਚਾ ਪ੍ਰਮਾਰਥਕ) ਖਜਾਨਾ ਹੈ, (ਤੂੰ ਉਸ ਦਾ ਸਿਮਰਨ ਕਰਨਾ) ਸਿੱਖ, ਉਹ (ਨਾਮ ਖਜਾਨਾ) ਹੀ ਸੱਚ ਹੈ। ਦੂਜੇ ਭਾਵ ਵਿਚ ਲਗ ਕੇ ਤੂੰ ਹੋਰ ਜਿੰਨਾ ਕੁਝ ਪੜ੍ਹਦਾ ਹੈਂ, (ਉਹ) ਪੜ੍ਹਨ ਤੇ ਵਿਚਾਰਨ ਨਾਲ ਦੁਖ ਹੀ ਹੁੰਦਾ ਹੈ।੧। (ਹੇ ਪੰਡਤ!) ਤੂੰ ਹਰੀ ਦੇ ਚਰਣੀਂ ਲੱਗਾ ਰਹੁ ,(ਇਹ) ਸੋਝੀ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਾਪਤ ਹੁੰਦੀ ਹੈ। ਰਸਨਾ ਨਾਲ ਤੂੰ ਹਰੀ ਦਾ ਨਾਮ ਰਸ ਚਖ (ਜਪ), ਤਾਂ ਤੇਰਾ ਮਨ ਨਿਰਮਲ ਹੋ ਜਾਏਗਾ।੧। ਰਹਾਉ। ਸਤਿਗੁਰੂ ਦੇ ਮਿਲਣ ਨਾਲ ਮਨ ਨੂੰ ਸੰਤੋਖ ਆ (ਰੱਜ) ਜਾਂਦਾ ਹੈ, ਤਾਂ ਮੁੜ ਕੇ (ਮਾਇਕ ਪਦਾਰਥਾਂ ਦੀ) ਤ੍ਰਿਸ਼ਨਾ ਰੂਪ ਭੁੱਖ ਨਹੀਂ ਹੁੰਦੀ। (ਜਿਸ ਮਨੁੱਖ ਨੇ) ਨਾਮ ਰੂਪ ਖਜਾਨਾ ਪਾ ਲਿਆ ਹੈ, ਫਿਰ ਕੋਈ ਪਰਾਏ ਘਰਾਂ ਵਿਚ ਨਹੀਂ ਜਾਂਦਾ (ਹਰੀ ਨੂੰ ਛਡ ਕੇ ਦੇਵੀ ਦੇਵਤਿਆਂ ਦੀ ਪੂਜਾ ਨਹੀਂ ਕਰਦਾ)।੨। ਜੇ ਮਨਮੁਖ ਮੂੰਹ ਜਬਾਨੀ ਗੱਲਾਂ ਹੀ ਕਰਦਾ ਰਹੇ, (ਉਸ ਨੂੰ ਪ੍ਰਭੂ ਦੀ) ਸਮਝ ਪ੍ਰਾਪਤ ਨਹੀਂ ਹੁੰਦੀ। ਗੁਰੂ ਦੀ ਮੱਤ ਨਾਲ ਜਿਸ ਮਨੁੱਖ ਦੇ ਹਿਰਦੇ ਵਿਚ ਚਾਨਣ (ਗਿਆਨ) ਹੋ ਜਾਂਦਾ ਹੈ, ਉਹ ਹੀ ਹਰੀ ਦਾ ਨਾਮ ਪ੍ਰਾਪਤ ਕਰਦਾ ਹੈ।੩। (ਹੇ ਪੰਡਿਤ!) ਸ਼ਾਸਤ੍ਰ ਸੁਣ ਕੇ ਵੀ ਤੂੰ ਸਮਝ ਨਹੀਂ ਰਿਹਾ, ਤਾਂ ਹੀ ਤੂੰ ਦਰ ਦਰ ਤੇ (ਭਟਕਦਾ) ਫਿਰਦਾ ਹੈਂ; ਬਾਰ ਬਾਰ ਜੋਨੀਆਂ ਵਿਚ ਭਟਕਦਾ ਫਿਰਦਾ ਹੈਂ। ਉਹ (ਸ਼ਾਸਤ੍ਰ ਪੜ੍ਹ ਕੇ ਵੀ) ਮੂਰਖ ਹੁੰਦਾ ਹੈ ਜੋ ਅਪਣੇ ਆਪ ਨੂੰ ਨਹੀਂ ਪਛਾਣਦਾ ਤੇ ਸੱਚੇ ਪ੍ਰਭੂ ਨਾਲ ਪਿਆਰ ਨਹੀਂ ਰੱਖਦਾ।੪। (ਹੇ ਪੰਡਤ! ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਆਪ ਹੀ) ਸੱਚੇ ਪ੍ਰਭੂ ਨੇ ਜਗਤ ਨੂੰ ਭਰਮਾਇਆ ਹੋਇਆ ਹੈ, (ਇਸ ਕਰਕੇ) ਕੁਛ ਕਿਹਾ ਨਹੀਂ ਜਾ ਸਕਦਾ (ਕਿ ਕਿਉਂ ਭਰਮ ਵਿਚ ਪਾਇਆ ਹੈ?)। ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਹੀ ਕਰਦਾ ਹੈ, ਜਿਵੇਂ ਉਸ ਦੀ ਆਗਿਆ ਹੁੰਦੀ ਹੈ।੫।੭।੯।

ਪਦਾਰਥ = ਤੀਜਾ–ਇਹ ਹਦਾਇਤ ਹੈ ਕਿ ਅੰਕ ੩ ਨੂੰ ਤੀਜਾ ਪੜ੍ਹੋ। ਨਿਧਾਨੁ–ਖਜਾਨਾ। ਸੋਈ–ਉਹ ਹੀ। ਦੂਜੈ ਭਾਇ–ਪ੍ਰਭੂ ਨੂੰ ਛਡ ਕੇ ਕਿਸੇ ਹੋਰ ਦਾ ਪਿਆਰ। ਜੇਤਾ–ਜਿਤਨਾ। ਪੜਹਿ–ਪੜ੍ਹਦਾ ਹੈਂ। ਪੜਤ–ਪੜ੍ਹਨ ਕਰਕੇ। ਗੁਣਤ–ਵਿਚਾਰਨ ਕਰਕੇ।੧। ਸੋਝੀ–ਸਮਝ (ਸੂਝ ਬੂਝ)। ਰਸਨਾ–ਜੀਭ ਨਾਲ। ਚਾਖੁ–ਚਖ (ਜਪ)। ਨਿਰਮਲੁ–ਪਵਿਤ੍ਰ।੧। ਰਹਾਉ। ਸੰਤੋਖੀਐ–ਸੰਤੋਖ ਆ ਜਾਂਦਾ ਹੈ; ਲੋਭ ਦਾ ਤਿਆਗੀ ਹੋ ਜਾਂਦਾ ਹੈ। ਫਿਰਿ–ਮੁੜ ਕੇ। ਪਰ ਘਰਿ–ਪਰਾਏ ਘਰਾਂ (ਦੇਵੀ ਦੇਵਤਿਆਂ ਦੇ ਦੁਆਰੇ) ਵਿਚ।੨। ਕਥਨੀ ਬਦਨੀ–ਮੂੰਹ ਨਾਲ ਕੀਤੀਆਂ

ਗੱਲਾਂ। ਬੂਝ-ਸਮਝ (ਗਿਆਨ)। ਗੁਰਮਤੀ-ਗੁਰੂ ਦੀ ਮੱਤ ਨਾਲ। ਘਟਿ-ਹਿਰਦੇ ਵਿਚ।੩।ਨ ਬੂਝਹੀ-ਨਹੀਂ ਸਮਝਦਾ। ਫਿਰਹਿ-ਭਟਕਦਾ ਫਿਰਦਾ ਹੈਂ। ਬਾਰੋ ਬਾਰ-ਦਰ ਦਰ ਤੇ; ਵਾਰ ਵਾਰ। ਸੋ-ਉਹ। ਆਪੁ-ਅਪਣੇ ਆਪ ਨੂੰ। ਨ ਧਰੇ-ਨਹੀਂ ਰਖਦਾ।੪। ਸਚੈ-ਸੱਚੇ ਪ੍ਰਭੂ ਨੇ। ਡਹਕਾਇਆ-ਭਰਮਾਇਆ; ਭਟਕਾਇਆ; ਲੋਭ ਵਿਚ ਪਾਇਆ ਹੈ। ਭਾਵੈ-ਚੰਗਾ ਲਗਦਾ ਹੈ। ਰਜਾਇ-ਆਗਿਆ।੫।੭।੯।

ਉਥਾਨਕਾ = ਇਹ ਸ਼ਬਦ ੧੦ ਅੰਗ ਤੇ ਵੀ ਹੈ, ਗੁਰੂ ਅਮਰਦਾਸ ਜੀ ਨੇ ਅਪਣੀ ਬੇਟੀ ਬੀਬੀ ਭਾਨੀ ਦਾ ਵਿਆਹ ਗੁਰੂ ਰਾਮਦਾਸ ਜੀ ਨਾਲ ਕਰ ਦਿਤਾ। ਉਸ ਸਮੇਂ ਗੁਰੂ ਅਮਰਦਾਸ ਜੀ ਨੇ ਪੁੱਛਿਆ ਕਿ ਕੋਈ ਦਾਜ ਆਦਿਕ ਦੀ ਮੰਗ ਹੈ ਤਾਂ ਦੱਸੋ। ਗੁਰੂ ਰਾਮ ਦਾਸ ਜੀ ਨੇ ਗੁਰੂ ਅਮਰਦਾਸ ਜੀ ਤੋਂ ਨਾਮ ਦੇ ਦਾਜ ਦੀ ਮੰਗ ਕੀਤੀ। ਜੋ ਬਚਨ ਉਸ ਸਮੇਂ ਗੁਰੂ ਅਮਰਦਾਸ ਜੀ ਦੀ ਹਜੂਰੀ ਵਿਚ ਕੀਤੇ, ਗੁਰੂ ਬਣਨ ਤੋਂ ਬਾਦ ਉਨ੍ਹਾਂ ਬਚਨਾਂ ਨੂੰ ਗੁਰੂ ਰਾਮਦਾਸ ਜੀ ਨੇ ਗੁਰਬਾਣੀ ਰੂਪ ਦਿਤਾ। ਇਨ੍ਹਾਂ ਸਾਰੇ ਸ਼ਬਦਾਂ ਵਿਚ ਗੁਰੂ ਅਮਰਦਾਸ ਜੀ ਲਈ ਬਹੁਤ ਉਦਾਰ ਵਾਲੀ ਸਿੱਕ ਪ੍ਰਗਟ ਕਰਦੇ ਹਨ ਤੇ ਨਾਮ ਬਾਣੀ ਦੀ ਦਾਤ ਲਈ ਗੁਰੂ ਜੀ ਦੇ ਅੱਗੇ ਤਰਲੇ ਲੈਂਦੇ ਹਨ।

੧ੴ ਸਤਿਗੁਰ ਪ੍ਰਸਾਦਿ ॥ ਰਾਗੁ ਗੂਜਰੀ ਮਹਲਾ ੪ ਚਉਪਦੇ ਘਰੁ ੧ ॥

ਹਰਿ ਕੇ ਜਨ ਸਤਿਗੁਰ ਸਤਪੁਰਖਾ, ਹਉ ਬਿਨਉ ਕਰਉ ਗੁਰ ਪਾਸਿ ॥ ਹਮ ਕੀਰੇ ਕਿਰਮ ਸਤਿਗੁਰ ਸਰਣਾਈ, ਕਰਿ ਦਇਆ ਨਾਮੁ ਪਰਗਾਸਿ ॥੧॥ ਮੇਰੇ ਮੀਤ ਗੁਰਦੇਵ, ਮੋਕਉ ਰਾਮ ਨਾਮੁ ਪਰਗਾਸਿ ॥ ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ, ਹਰਿ ਕੀਰਤਿ ਹਮਰੀ ਰਹਰਾਸਿ ॥੧॥ਰਹਾਉ॥ ਹਰਿ ਜਨ ਕੇ ਵਡਭਾਗ ਵਡੇਰੇ, ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥ ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ, ਮਿਲਿ ਸੰਗਤਿ ਗੁਣ ਪਰਗਾਸਿ ॥੨॥ ਜਿਨ੍ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ, ਤੇ ਭਾਗਹੀਣ ਜਮ ਪਾਸਿ ॥ ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ, ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥ ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ, ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ ਧੰਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ, ਮਿਲਿ ਨਾਨਕ ਨਾਮੁ ਪਰਗਾਸਿ ॥੪॥੧॥ ਹੇ ਹਰੀ ਦੇ ਭਗਤ ਸਤਿਗੁਰੂ! ਹੇ ਮਹਾਂ ਪੁਰਖ ਗੁਰੂ ਜੀ! ਮੈਂ (ਆਪ ਜੀ) ਪਾਸ ਬੇਨਤੀ ਕਰਦਾ ਹਾਂ। ਹੇ ਸਤਿਗੁਰੂ! ਅਸੀਂ ਕੀੜੇ ਹਾਂ, ਨਿੱਕੇ ਕੀੜੇ (ਬਹੁਤ ਨਿਮਾਣੇ ਜਿਹੇ ਦਾਸ) ਹਾਂ, ਆਪ ਜੀ ਦੀ ਸ਼ਰਨ ਵਿਚ ਆਏ ਹਾਂ, ਦਇਆ ਕਰਕੇ (ਸਾਡੇ ਹਿਰਦਿਆਂ ਵਿਚ) ਨਾਮ ਨੂੰ ਪ੍ਰਕਾਸ਼ ਕਰੋ।੧। ਹੇ ਮੇਰੇ ਮਿਤ੍ਰ ਗੁਰਦੇਵ! ਮੈਨੂੰ (ਮੇਰੇ ਹਿਰਦੇ ਅੰਦਰ) ਰਾਮ ਦੇ ਨਾਮ ਨੂੰ ਪ੍ਰਕਾਸ਼ ਕਰੋ ਜੀ। ਗੁਰੂ ਦੀ ਸਿੱਖਿਆ ਦੁਆਰਾ ਮਿਲਿਆ ਪ੍ਰਭੂ ਦਾ ਨਾਮ ਮੇਰੇ ਪ੍ਰਾਣਾਂ ਦਾ ਸਾਥੀ ਬਣਿਆ ਰਹੇ ਅਤੇ ਹਰੀ ਦਾ ਜਸ ਸਾਡੀ ਰਹੁਰੀਤੀ (ਰਹਿਤ ਮਰਿਆਦਾ; ਨਿਤਨੇਮ) ਬਣ ਜਾਵੇ।੧।ਰਹਾਉ। ਹਰੀ ਦੇ ਭਗਤਾਂ ਦੇ ਵੱਡਿਆਂ ਤੋਂ ਵੱਡੇ (ਸਭ ਤੋਂ ਉਚੇ) ਭਾਗ ਹਨ, ਜਿਨ੍ਹਾਂ ਦੇ ਦਿਲਾਂ ਅੰਦਰ ਹਰੀ ਦੀ ਸ਼ਰਧਾ ਤੇ ਹਰੀ ਨੂੰ ਮਿਲਣ ਦੀ ਪਿਆਸ ਹੈ। (ਜਦ ਉਨ੍ਹਾਂ ਨੂੰ) ਹਰਿ ਹਰਿ ਨਾਮ ਮਿਲ ਜਾਂਦਾ ਹੈ, ਤਾਂ ਤ੍ਰਿਪਤ ਹੋ ਜਾਂਦੇ ਹਨ ਅਤੇ (ਉਨ੍ਹਾਂ ਦੇ ਅੰਦਰ ਗੁਰੂ ਦੀ) ਸੰਗਤ ਵਿਚ ਮਿਲ ਕੇ ਦੈਵੀ ਗੁਣਾਂ ਦਾ ਪ੍ਰਕਾਸ਼ ਹੋ ਜਾਂਦਾ ਹੈ।੨। ਜਿਨ੍ਹਾਂ ਨੇ ਹਰੀ ਦਾ ਹਰਿ ਹਰਿ ਨਾਮ ਰਸ ਨਹੀਂ ਪ੍ਰਾਪਤ ਕੀਤਾ, ਉਹ ਭਾਗਾਂ ਤੋਂ ਹੀਣੇ ਮਨੁੱਖ ਜਮਾਂ ਕੋਲ ਜਾਂਦੇ (ਜਮਾਂ ਦੇ ਹਵਾਲੇ ਹੁੰਦੇ) ਹਨ; ਜਮਾਂ ਦੀ ਫਾਹੀ (ਉਨ੍ਹਾਂ ਦੇ ਗਲ ਵਿਚ) ਵਿਚ ਪੈਂਦੀ ਹੈ। ਜੋ ਲੋਕ ਸਤਿਗੁਰੂ ਦੀ ਸ਼ਰਣ ਅਤੇ ਸੰਗਤ ਵਿਚ ਨਹੀਂ ਆਏ, ਉਹ ਪਿੱਛੇ ਜੋ ਜੀਵੇ ਹਨ, ਉਸ ਨੂੰ ਧ੍ਰਿਕਾਰ ਹੈ ਅਤੇ ਅੱਗੇ ਜੋ ਜਿਉਣ ਦੀ ਆਸ ਹੈ, ਉਹ ਵੀ ਧ੍ਰਿਗ ਹੈ।੩। ਹਰੀ ਦੇ ਜਿਨ੍ਹਾਂ ਸੇਵਕਾਂ ਨੇ ਸਤਿਗੁਰੂ ਦੀ ਸੰਗਤ ਪ੍ਰਾਪਤ ਕੀਤੀ ਹੈ, ਉਨ੍ਹਾਂ ਦੇ ਮੱਥੇ ਤੇ ਧੁਰ ਤੋਂ ਹੀ ਸ੍ਰੇਸਟ ਲੇਖ ਲਿਖਿਆ ਹੋਇਆ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਸਤਿਗੁਰੂ ਦੀ) ਸਤਸੰਗਤ ਧੰਨ ਧੰਨ ਹੈ, ਜਿਸ ਵਿਚੋਂ (ਸੇਵਕਾਂ ਨੇ) ਹਰੀ ਦਾ ਨਾਮ ਰਸ ਪ੍ਰਾਪਤ ਕੀਤਾ ਹੈ ਅਤੇ (ਜਿਸ ਸਤਸੰਗਤ ਨੂੰ) ਮਿਲ ਕੇ (ਹਿਰਦਿਆਂ ਵਿਚ) ਨਾਮ ਰੋਸ਼ਨ ਹੁੰਦਾ ਹੈ।੪।੧।

ਪਦਾਰਥ = ਜਨ-ਸੇਵਕ। ਸਤਿ ਪੁਰਖਾ-ਹੇ ਮਹਾਂ ਪੁਰਖ; ਹੇ ਪ੍ਰਭੂ ਰੂਪ!। ਹਉ-ਮੈਂ। ਕਰਉ-ਕਰਦਾ ਹਾਂ। ਹਮ-ਅਸੀਂ (ਮੈਂ)। ਕੀਰੇ ਕਿਰਮ-ਕੀੜਿਆਂ ਦੇ ਕੀੜੇ; ਦਾਸਾਂ ਦੇ ਦਾਸ (ਬਹੁਤ ਨਿਮਾਣੇ ਜਿਹੇ)।੧। ਮੀਤ-ਮਿਤ੍ਰ। ਗੁਰਦੇਵ-ਦੇਵ ਰੂਪ ਸਤਿਗੁਰੂ। ਮੋਕਉ-ਮੈਨੂੰ। ਗੁਰਮਤਿ-ਗੁਰੂ ਦੀ ਸਿੱਖਿਆ ਦੁਆਰਾ। ਪ੍ਰਾਨ ਸਖਾਈ-ਪ੍ਰਾਣਾਂ ਦਾ ਸਾਥੀ; ਜੀਵਨ ਸਾਥੀ। ਕੀਰਤਿ-ਜਸ। ਹਮਰੀ-ਸਾਡੀ (ਮੇਰੀ)। ਰਹਰਾਸਿ-ਰਹੁ ਰੀਤੀ; ਸਿੱਧਾ ਰਾਹ (ਨਿਤਨੇਮ)।੧।ਰਹਾਉ। ਜਿਨ-ਜਿਨ੍ਹਾਂ ਨੂੰ। ਤ੍ਰਿਪਤਾਸਹਿ-ਰੱਜ ਜਾਂਦੇ ਹਨ।੨। ਤੇ-ਉਹ। ਜਮ ਪਾਸਿ-ਜਮਾਂ ਦੇ ਵਸ ਵਿਚ; ਜਮਾਂ ਦੀ ਫਾਹੀ। ਧ੍ਰਿਗੁ-ਫਿਟਕਾਰ ਯੋਗ। ਜੀਵਾਸਿ-ਅਗਾਂਹ ਦੇ ਜਿਉਣ ਦੀ ਆਸ।੩। ਤਿਨ-ਉਨ੍ਹਾਂ ਦੇ। ਧੁਰਿ-ਧੁਰ ਦਰਗਾਹ ਤੋਂ। ਮਸਤਕਿ-ਮੱਥੇ ਤੇ। ਲਿਖਾਸਿ-ਸ਼ੁੱਭ ਲੇਖ। ਜਿਤੁ-ਜਿਸ ਵਿਚੋਂ। ਮਿਲਿ-ਮਿਲ ਕੇ।੪।੧।

ਗੂਜਰੀ ਮਹਲਾ ੪ ॥ ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ,ਮਿਲਿ ਸਤਸੰਗਤਿ ਸਬਦਿ ਮਨੁ ਮੋਹੈ ॥ ਜਪਿ ਗੋਵਿੰਦੁ ਗੋਵਿੰਦੁ ਧਿਆਈਐ, ਸਭ ਕਉ ਦਾਨੁ ਦੇਇ ਪ੍ਰਭੁ ਓਹੈ ॥੧॥ ਮੇਰੇ ਭਾਈ ਜਨਾ, ਮੋਕਉ ਗੋਵਿੰਦੁ ਗੋਵਿੰਦੁ ਗੋਵਿੰਦੁ ਮਨੁ ਮੋਹੈ ॥ ਗੋਵਿੰਦ ਗੋਵਿੰਦ ਗੋਵਿੰਦ ਗੁਣ ਗਾਵਾ, ਮਿਲਿ ਗੁਰ ਸਾਧਸੰਗਤਿ ਜਨੁ ਸੋਹੈ ॥੧॥ਰਹਾਉ॥ ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ, ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ ॥ ਜਨ ਕਉ ਰਾਮ ਨਾਮੁ ਆਧਾਰਾ, ਹਰਿ ਨਾਮੁ ਜਪਤ ਹਰਿ ਨਾਮੇ ਸੋਹੈ ॥੨॥ (ਹੇ ਭਾਈ!) ਗੋਵਿੰਦ ਹੀ ਮੇਰੇ ਤਨ ਦਾ ਪਿਆਰਾ ਹੈ, ਗੁਰੂ ਦੀ) ਸਤਸੰਗਤ ਵਿਚ ਮਿਲ ਕੇ ਸ਼ਬਦ ਵਿਚ ਜੁੜਨ ਕਰਕੇ ਪਿਆਰਾ ਗੋਵਿੰਦ ਮਨ ਵਿਚ ਵਸ ਗਿਆ ਹੈ, (ਉਹ ਗੋਵਿੰਦ ਮੇਰੇ) ਮਨ ਨੂੰ ਮੋਹ ਰਿਹਾ ਹੈ। ਗੋਵਿੰਦ ਨੂੰ (ਜੀਭ ਨਾਲ) ਜਪ ਕੇ, (ਮਨ ਦੁਆਰਾ ਵੀ) ਧਿਆਉਣਾ ਚਾਹੀਦਾ ਹੈ, (ਕਿਉਂਕਿ) ਉਹ ਪ੍ਰਭੂ ਹੀ

ਸਾਰੇ ਜੀਵਾਂ ਨੂੰ ਦਾਨ ਦੇਂਦਾ ਹੈ।੧।ਹੇ ਮੇਰੇ ਭਾਈ ਜਨੋਂ! ਮੈਨੂੰ ਗੋਵਿੰਦ ਬਹੁਤ ਪਿਆਰਾ ਲਗਦਾ ਹੈ ਅਤੇ ਗੋਵਿੰਦ ਮੇਰੇ ਮਨ ਨੂੰ ਮੋਹ ਰਿਹਾ ਹੈ।(ਮੈਂ ਮਨ, ਤਨ ਤੇ ਬਾਣੀ ਕਰਕੇ) ਗੋਵਿੰਦ ਦੇ ਗੁਣ ਗਾਉਂਦਾ ਹਾਂ, (ਹਰੀ ਦਾ) ਦਾਸ ਗੁਰੂ ਦੀ ਸਾਧ ਸੰਗਤ ਵਿਚ ਮਿਲ ਕੇ ਹੀ ਸੋਭਦਾ ਹੈ।੧।ਰਹਾਉ।(ਜਿਸ ਮਨੁੱਖ ਨੇ) ਗੁਰਮਤਿ ਦੁਆਰਾ ਸੁਖਾਂ ਦੇ ਸਾਗਰ ਹਰੀ ਦੀ ਭਗਤੀ ਕੀਤੀ ਹੈ, ਲੱਛਮੀ ਅਤੇ ਰਿਧੀਆਂ ਸਿਧੀਆਂ ਉਸ ਦੇ ਪੈਰਾਂ ਵਿਚ ਆ ਲਗਦੀਆਂ ਹਨ।(ਹਰੀ ਦੇ) ਸੇਵਕਾਂ ਨੂੰ ਰਾਮ ਦੇ ਨਾਮ ਦਾ ਹੀ ਆਸਰਾ ਹੈ, ਉਹ ਹਰੀ ਦਾ ਨਾਮ ਜਪਦੇ ਹਨ ਅਤੇ ਹਰੀ ਦਾ ਨਾਮ ਜਪਣ ਕਰਕੇ ਹੀ (ਉਹ) ਸੋਹਣੇ ਲਗਦੇ ਹਨ।੨।

ਅੰਗ ੪੯੩ = ਦੁਰਮਤਿ ਭਾਗਹੀਨ ਮਤਿ ਫੀਕੇ, ਨਾਮੁ ਸੁਨਤ ਆਵੈ ਮਨਿ ਰੋਹੈ ॥ ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ, ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥੩॥ ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ, ਜਿਤੁ ਨਾਤੈ ਕਊਆ ਹੰਸੁ ਹੋਹੈ ॥ ਨਾਨਕ ਧਨੁ ਧੰਨੁ ਵਡੇ ਵਡਭਾਗੀ, ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥੨॥ (ਜਿਨ੍ਹਾਂ ਮਨੁੱਖਾਂ ਨੂੰ) ਨਾਮ ਸੁਣਦਿਆਂ ਮਨ ਵਿਚ ਗੁੱਸਾ ਆਉਂਦਾ ਹੈ, (ਉਹ) ਖੋਟੀ ਮੱਤ ਵਾਲੇ ਭਾਗ ਹੀਣ ਹਨ ਅਤੇ ਮੱਤ ਕਰਕੇ ਫਿੱਕੇ (ਰਸ ਹੀਣ) ਹਨ।(ਜਿਸ ਤਰ੍ਹਾਂ) ਕਾਂ ਕਊਏ ਨੂੰ ਅੰਮ੍ਰਿਤ ਰਸ (ਉਤਮ ਭੋਜਨ) ਪਾਈਏ, (ਤਾਂ ਨਹੀਂ ਖਾਵੇਗਾ, ਉਹ ਤਾਂ) ਮੂੰਹ ਵਿਚ ਗੋਹਾ ਤੇ ਵਿਸ਼ਟਾ ਖਾ ਕੇ ਪ੍ਰਸੰਨ ਹੁੰਦਾ ਹੈ (ਇਸੇ ਤਰ੍ਹਾਂ ਮਨਮੁਖ ਨਾਮ ਰਸ ਛਡ ਕੇ ਵਿਸ਼ੇ ਭੋਗਾਂ ਨਾਲ ਖੁਸ਼ ਹੁੰਦਾ ਹੈ)।੩।ਅੰਮ੍ਰਿਤਸਰ ਸਤਿਗੁਰੂ ਅਮਰਦਾਸ ਜੀ ਦੇ ਹੁਕਮ ਨਾਲ ਵਸਾਇਆ ਹੈ; ਸਤਿਗੁਰੂ ਅੰਮ੍ਰਿਤ ਦਾ ਸਰੋਵਰ ਹੈ, ਜੋ ਸੱਚ ਬੋਲਣ ਵਾਲਾ ਹੈ, ਜਿਸ (ਅੰਮ੍ਰਿਤ ਦੇ ਸਰੋਵਰ) ਵਿਚ ਨ੍ਹਾਤਿਆਂ ਕਾਂ ਵੀ ਹੰਸ ਹੋ ਜਾਂਦਾ ਹੈ (ਸਤਿਗੁਰੂ ਦੀ ਸੰਗਤ ਵਿਚ ਵਿਸ਼ਈ ਮਨੁੱਖ ਵੀ ਗੁਰਮੁਖ ਬਣ ਜਾਂਦਾ ਹੈ ਤੇ ਨਾਮ ਰੂਪ ਮੋਤੀ ਦਾ ਪ੍ਰੇਮੀ ਹੋ ਜਾਂਦਾ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਧੰਨ ਧੰਨ ਤੇ ਬੜੇ ਵੱਡੇ ਭਾਗਾਂ ਵਾਲੇ ਹਨ, ਗੁਰੂ ਦੀ ਮੱਤ ਦੁਆਰਾ ਮਿਲਿਆ ਹਰੀ ਦਾ ਨਾਮ ਜਿਨ੍ਹਾਂ ਦੇ ਹਿਰਦੇ ਦੀ ਮੈਲ ਧੋ ਦਿੰਦਾ ਹੈ।੪।੨।

ਪਦਾਰਥ = ਗੋਵਿੰਦੁ–ਪ੍ਰਿਥਵੀ ਪਾਲਕ ਕਰਤਾਰ।ਪ੍ਰੀਤਮੁ–ਸਭ ਤੋਂ ਵਧ ਪਿਆਰਾ; ਸੱਚਾ ਮਿਤ੍ਰ।ਮਨਿ–ਮਨ ਵਿਚ।ਮਨੁ ਮੋਹੈ–ਮਨ ਨੂੰ ਮੋਹ ਲੈਂਦਾ ਹੈ।ਦੇਇ–ਦੇਂਦਾ ਹੈ।ਓਹੈ–ਉਹ ਹੀ।੧ ਭਾਈ ਜਨਾ–ਹੇ ਭਾਈ ਜਨੋਂ!।ਮੋਕਉ–ਮੈਨੂੰ।ਗਾਵਾ–ਮੈਂ ਗਾਉਂਦਾ ਹਾਂ।ਜਨੁ–ਦਾਸ। ਸੋਹੈ–ਸੋਭਦਾ ਹੈ; ਸੋਹਣਾ ਲਗਦਾ ਹੈ।੧।ਰਹਾਉ।ਸੁਖ ਸਾਗਰ–ਸੁਖਾਂ ਦਾ ਸਮੁੰਦਰ।ਕਉਲਾ–ਲੱਛਮੀ (ਮਾਇਆ)।ਰਿਧਿ ਸਿਧਿ–ਰਿਧੀਆਂ ਸਿਧੀਆਂ (ਕਰਾਮਾਤੀ ਸ਼ਕਤੀਆਂ)।ਪਗਿ–ਪੈਰਾਂ ਵਿਚ।ਓਹੈ–ਉਸ ਦੇ।ਆਧਾਰਾ–ਆਸਰਾ।ਨਾਮੇ–ਨਾਮ ਕਰਕੇ ਹੀ।੨।ਦੁਰਮਤਿ–ਖੋਟੀ ਬੁੱਧੀ ਵਾਲੇ।ਭਾਗਹੀਨ–ਅਭਾਗੇ (ਮਾੜੀ ਕਿਸਮਤ ਵਾਲੇ)।ਮਤਿ ਫੀਕੇ–ਅਕਲ ਦੇ ਫਿੱਕੇ (ਬਹੁਤ ਬੇਸਮਝ)।ਰੋਹੈ–ਗੁੱਸਾ।ਕਊਆ ਕਾਗ–ਮੁਰਦਾਰ ਖਾਣ ਵਾਲਾ ਕਾਂ (ਮ.ਕੋ.); ਕਾਂ ਕਾਂ ਕਰਨ ਵਾਲਾ ਕਾਂ (ਸੰ.ਸ.; ਫ.ਸ.)।ਅੰਮ੍ਰਿਤ ਰਸੁ–ਉਤਮ ਭੋਜਨ।ਤ੍ਰਿਪਤੈ–ਪ੍ਰਸੰਨ ਹੁੰਦਾ ਹੈ; ਰੱਜਦਾ ਹੈ।ਵਿਸਟਾ–ਗੂੰਹ।ਮੁਖਿ–ਮੂੰਹ ਵਿਚ।ਗੋਹੈ–ਗੋਹਾ; ਬੋਲਦਾ ਹੈ ਭਾਵ ਕਾਂ ਕਾਂ ਕਰਦਾ ਹੈ (ਸੰ.ਸ.)।੩।ਅੰਮ੍ਰਿਤ ਸਰੁ–ਅੰਮ੍ਰਿਤ ਦਾ ਸਰੋਵਰ।ਸਤਿਵਾਦੀ–ਸੱਚ ਬੋਲਣ ਵਾਲਾ (ਸੱਚਾ ਨਾਮ ਜਪਣ ਵਾਲਾ); ਜਿਸ ਦਾ ਬੋਲਿਆ ਸੱਚ ਹੁੰਦਾ ਹੈ।ਜਿਤੁ–ਜਿਸ ਵਿਚ।ਨਾਤੈ–ਇਸ਼ਨਾਨ ਕੀਤਿਆਂ।ਹੋਹੈ–ਹੋ ਜਾਂਦਾ ਹੈ।ਵਡਭਾਗੀ–ਵੱਡੇ ਭਾਗਾਂ ਵਾਲੇ।ਮਲੁ–ਮੈਲ।ਧੋਹੈ–ਧੋ ਦੇਂਦਾ ਹੈ।੪।੨।

ਗੂਜਰੀ ਮਹਲਾ ੪ ॥ ਹਰਿ ਜਨ ਊਤਮ ਊਤਮ ਬਾਣੀ, ਮੁਖਿ ਬੋਲਹਿ ਪਰਉਪਕਾਰੇ ॥ ਜੋ ਜਨੁ ਸੁਣੈ ਸਰਧਾ ਭਗਤਿ ਸੇਤੀ, ਕਰਿ ਕਿਰਪਾ ਹਰਿ ਨਿਸਤਾਰੇ ॥੧॥ ਰਾਮ ਮੋਕਉ ਹਰਿ ਜਨ ਮੇਲਿ ਪਿਆਰੇ ॥ ਮੇਰੇ ਪ੍ਰੀਤਮੁ ਪ੍ਰਾਨ ਸਤਿਗੁਰੁ ਗੁਰੁ ਪੂਰਾ, ਹਮ ਪਾਪੀ ਗੁਰਿ ਨਿਸਤਾਰੇ ॥੧॥ਰਹਾਉ॥ ਗੁਰਮੁਖਿ ਵਡਭਾਗੀ ਵਡਭਾਗੇ, ਜਿਨ ਹਰਿ ਹਰਿ ਨਾਮੁ ਅਧਾਰੇ ॥ ਹਰਿ ਹਰਿ ਅੰਮ੍ਰਿਤੁ ਹਰਿ ਰਸੁ ਪਾਵਹਿ, ਗੁਰਮਤਿ ਭਗਤਿ ਭੰਡਾਰੇ ॥੨॥ ਜਿਨ ਦਰਸਨੁ ਸਤਿਗੁਰ ਸਤਪੁਰਖ ਨ ਪਾਇਆ, ਤੇ ਭਾਗਹੀਣ ਜਮਿ ਮਾਰੇ ॥ ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ, ਦਯਿ ਮਾਰੇ ਮਹਾ ਹਤਿਆਰੇ ॥੩॥ ਦੀਨ ਦਇਆਲ ਹੋਹੁ ਜਨ ਊਪਰਿ, ਕਰਿ ਕਿਰਪਾ ਲੇਹੁ ਉਬਾਰੇ ॥ ਨਾਨਕ ਜਨ ਹਰਿ ਕੀ ਸਰਣਾਈ, ਹਰਿ ਭਾਵੈ ਹਰਿ ਨਿਸਤਾਰੇ ॥੪॥੩॥ (ਹੇ ਭਾਈ!) ਹਰੀ ਦੇ ਸੇਵਕ ਉਤਮ ਹਨ, ਉਹ ਉਤਮ ਬਾਣੀ ਉਚਾਰਦੇ ਹਨ ਅਤੇ (ਜੋ ਬਾਣੀ ਉਹ) ਮੂੰਹੋਂ ਉਚਾਰਦੇ ਹਨ, ਉਹ ਦੂਜਿਆਂ ਦੇ ਭਲੇ ਲਈ ਹੀ ਹੈ।(ਉਨ੍ਹਾਂ ਦੀ ਬਾਣੀ) ਜਿਹੜਾ ਪੁਰਖ ਸ਼ਰਧਾ ਭਗਤੀ ਨਾਲ ਸੁਣਦਾ ਹੈ, ਹਰੀ ਕਿਰਪਾ ਕਰਕੇ (ਉਸ ਨੂੰ ਸੰਸਾਰ ਸਮੁੰਦਰ ਤੋਂ) ਤਾਰ ਦੇਂਦਾ ਹੈ।੧।ਹੇ ਰਾਮ! ਮੈਨੂੰ ਅਜੇਹੇ ਹਰੀ ਦੇ ਭਗਤ ਮਿਲਾ ਦੇਹ।ਪੂਜਨੀਕ ਪੂਰਾ ਸਤਿਗੁਰੂ ਮੇਰੇ ਪ੍ਰਾਣਾਂ ਦਾ ਪਿਆਰਾ ਹੈ, ਸਾਡੇ (ਵਰਗੇ ਅਨੇਕਾਂ) ਪਾਪੀਆਂ ਨੂੰ ਗੁਰੂ ਨੇ (ਸੰਸਾਰ ਸਾਗਰ ਤੋਂ) ਤਾਰ ਦਿਤਾ ਹੈ।੧।ਰਹਾਉ।ਹਰਿ ਹਰਿ ਨਾਮ ਹੀ ਜਿਨ੍ਹਾਂ ਦਾ ਆਸਰਾ ਹੈ, ਉਹ ਗੁਰਮੁਖ ਵੱਡੇ ਭਾਗਾਂ ਵਾਲਿਆਂ ਤੋਂ ਵੀ ਵੱਡੇ ਭਾਗਾਂ ਵਾਲੇ ਹਨ ।ਉਹ ਹਰੀ ਦਾ ਹਰਿ ਹਰਿ ਨਾਮ ਅੰਮ੍ਰਿਤ ਰਸ ਪ੍ਰਾਪਤ ਕਰਦੇ ਹਨ ਅਤੇ ਗੁਰੂ ਦੀ ਸਿੱਖਿਆ ਤੇ ਚੱਲਣ ਕਰਕੇ (ਉਨ੍ਹਾਂ ਦੇ ਹਿਰਦੇ) ਭਗਤੀ ਦੇ ਭੰਡਾਰੇ ਬਣੇ ਹੋਏ ਹਨ।੨।ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ ਰੂਪ ਸਤਿਗੁਰੂ ਦਾ ਦਰਸ਼ਨ ਨਹੀਂ ਪ੍ਰਾਪਤ ਕੀਤਾ, ਉਹ ਭਾਗਹੀਣ ਜਮ ਨੇ ਮਾਰੇ ਹਨ।ਉਹ ਕੁੱਤਿਆਂ ਸੂਰਾਂ ਅਤੇ ਗਧਿਆਂ ਦੀ ਜੋਨੀਆਂ ਦੇ ਗਰਭ ਵਿਚ ਪੈਂਦੇ ਹਨ, ਉਹ ਵੱਡੇ ਹਤਿਆਰੇ ਪ੍ਰਭੂ ਨੇ ਮਾਰੇ ਹਨ।੩।(ਅੰਤ ਵਿਚ ਅਰਦਾਸ ਕਰਦੇ ਹਨ ਕਿ) ਹੇ ਦੀਨਾਂ ਤੇ ਦਇਆ ਕਰਨ ਵਾਲੇ ਪ੍ਰਭੂ! ਦਾਸਾਂ ਉਤੇ ਦਿਆਲੂ ਹੋਵੋ (ਦਇਆਲ, ਦੇਹੁਲੀ ਦੀਪਕ ਹੈ), ਕਿਰਪਾ ਕਰਕੇ (ਦਾਸਾਂ ਨੂੰ ਸੰਸਾਰ ਸਮੁੰਦਰ ਤੋਂ) ਤਾਰ ਲਵੋ।ਦਾਸ ਨਾਨਕ ਹਰੀ ਦੀ ਸ਼ਰਣ ਵਿਚ ਆਇਆ ਹੈ, (ਸ਼ਰਣ ਵਿਚ ਆਇਆ ਸੇਵਕ) ਜੇ ਹਰੀ ਨੂੰ ਚੰਗਾ ਲੱਗੇ ਤਾਂ ਹਰੀ (ਉਸ ਨੂੰ ਸੰਸਾਰ ਸਮੁੰਦਰ ਤੋਂ) ਤਾਰ ਲੈਂਦਾ ਹੈ।੪।੩।

ਪਦਾਰਥ = ਹਰਿ ਜਨ-ਹਰੀ ਦੇ ਭਗਤ। ਮੁਖਿ-ਮੂੰਹ ਨਾਲ। ਪਰ ਉਪਕਾਰੇ-ਦੂਜਿਆਂ ਦੇ ਭਲੇ ਲਈ। ਜੋ ਜਨੁ-ਜਿਹੜਾ ਪੁਰਖ। ਸੇਤੀ-ਨਾਲ। ਨਿਸਤਾਰੇ-(ਸੰਸਾਰ ਸਮੁੰਦਰ ਤੋਂ) ਤਾਰ ਦਿੰਦਾ ਹੈ।੧। ਰਾਮ-ਹੇ ਸਰਬ ਵਿਆਪਕ ਪ੍ਰਭੂ! । ਮੋਕਉ-ਮੈਨੂੰ। ਮੇਲਿ-ਮਿਲਾ ਦੇਹ। ਪ੍ਰੀਤਮੁ ਪ੍ਰਾਨ-ਪ੍ਰਾਣਾਂ ਦਾ ਪਿਆਰਾ। ਹਮ-ਸਾਡੇ ਵਰਗਿਆਂ ਨੂੰ; ਮੈਨੂੰ। ਗੁਰਿ-ਗੁਰੂ ਨੇ।੧। ਰਹਾਉ। ਅਧਾਰੇ-ਆਸਰਾ। ਗੁਰਮਤਿ-ਗੁਰੂ ਦੀ ਸਿੱਖਿਆ ਤੇ ਚਲਣ ਕਰਕੇ।੨। ਸਤਪੁਰਖ-ਪ੍ਰਭੂ; ਮਹਾਂ ਪੁਰਖ। ਤੇ-ਉਹ। ਭਾਗਹੀਣ-ਅਭਾਗੇ (ਮਾੜੇ ਭਾਗਾਂ ਵਾਲੇ)। ਜਮਿ-ਜਮ ਨੇ। ਸੇ-ਉਹ। ਕੂਕਰ-ਕੁੱਤੇ; ਲੋਭੀ ਮਨੁੱਖ। ਸੂਕਰ-ਸੂਰ; ਨਿੰਦਿਆ ਰੂਪ ਮੈਲ ਖਾਣ ਵਾਲੇ। ਦਰਧਭ-ਗਧੇ; ਕਾਮੀ ਮਨੁੱਖ। ਪਵਹਿ-ਪੈਂਦੇ ਹਨ। ਦਯਿ-ਪ੍ਰਭੂ ਨੇ।੩। ਦੀਨ ਦਇਆਲ-ਹੇ ਅਨਾਥਾਂ ਤੇ ਦਇਆ ਕਰਨ ਵਾਲੇ। ਲੇਹੁ ਉਬਾਰੇ-ਤਾਰ ਲਵੋ। ਭਾਵੈ-ਚੰਗਾ ਲੱਗੇ।੪।੩।

ਗੂਜਰੀ ਮਹਲਾ ੪ ॥ ਹੋਹੁ ਦਇਆਲ ਮੇਰਾ ਮਨੁ ਲਾਵਹੁ ,ਹਉ ਅਨਦਿਨੁ ਰਾਮ ਨਾਮੁ ਨਿਤ ਧਿਆਈ ॥ ਸਭਿ ਸੁਖ ਸਭਿ ਗੁਣ ਸਭਿ ਨਿਧਾਨ ਹਰਿ, ਜਿਤੁ ਜਪਿਐ ਦੁਖ ਭੁਖ ਸਭ ਲਹਿ ਜਾਈ ॥੧॥ ਮਨ ਮੇਰੇ ਮੇਰਾ ਰਾਮ ਨਾਮੁ ਸਖਾ ਹਰਿ ਭਾਈ ॥ ਗੁਰਮਤਿ ਰਾਮ ਨਾਮੁ ਜਸੁ ਗਾਵਾ, ਅੰਤਿ ਬੇਲੀ ਦਰਗਹ ਲਏ ਛਡਾਈ ॥੧॥ਰਹਾਉ॥ ਤੂੰ ਆਪੇ ਦਾਤਾ ਪ੍ਰਭੁ ਅੰਤਰਜਾਮੀ, ਕਰਿ ਕਿਰਪਾ ਲੋਚ ਮੇਰੈ ਮਨਿ ਲਾਈ ॥ ਮੈ ਮਨਿ ਤਨਿ ਲੋਚ ਲਗੀ ਹਰਿ ਸੇਤੀ, ਪ੍ਰਭਿ ਲੋਚ ਪੂਰੀ ਸਤਿਗੁਰ ਸਰਣਾਈ ॥੨॥ ਮਾਣਸ ਜਨਮੁ ਪੁੰਨਿ ਕਰਿ ਪਾਇਆ, ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ ॥ ਨਾਮ ਬਿਨਾ ਰਸ ਕਸ ਦੁਖੁ ਖਾਵੈ, ਮੁਖੁ ਫੀਕਾ ਥੁਕ ਥੁਕ ਮੁਖਿ ਪਾਈ ॥੩॥ ਜੋ ਜਨ ਹਰਿ ਪ੍ਰਭ ਹਰਿ ਹਰਿ ਸਰਣਾ, ਤਿਨ ਦਰਗਹ ਹਰਿ ਹਰਿ ਦੇਇ ਵਡਿਆਈ ॥ ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ ,ਜਨ ਨਾਨਕ ਮੇਲਿ ਲਏ ਗਲਿ ਲਾਈ ॥੪॥੪॥ (ਹੇ ਪ੍ਰਭੂ! ਆਪ ਜੀ ਮੇਰੇ ਉਤੇ) ਦਿਆਲੂ ਹੋਵੋ ਅਤੇ ਮੇਰਾ ਮਨ (ਨਾਮ ਸਿਮਰਨ ਵਿਚ) ਲਾਵੋ, (ਤਾਂ ਜੋ ਤੇਰਾ) ਰਾਮ ਨਾਮ ਹਰ ਰੋਜ ਸਦਾ ਮੈਂ ਸਿਮਰਦਾ ਰਹਾਂ। (ਮੇਰੇ ਲਈ) ਹਰੀ ਹੀ ਸਾਰੇ ਸੁਖ, ਸਾਰੇ ਗੁਣ, ਸਾਰੇ ਖਜਾਨੇ ਹੈ, ਜਿਸ ਨੂੰ ਜਪਣ ਨਾਲ ਸਾਰੇ ਦੁੱਖ ਭੁੱਖ ਦੂਰ ਹੋ ਜਾਂਦੇ ਹਨ।੧। ਹੇ ਮੇਰੇ ਮਨ! ਰਾਮ ਦਾ ਨਾਮ ਹੀ ਮੇਰਾ ਮਿਤ੍ਰ ਹੈ ਅਤੇ ਹਰੀ ਦਾ ਨਾਮ ਹੀ ਮੇਰਾ ਭਾਈ ਹੈ। ਗੁਰੂ ਦੀ ਮਤਿ ਤੇ ਚੱਲ ਕੇ ਮੈ ਰਾਮ ਦਾ ਨਾਮ ਜਪਦਾ ਹਾਂ ਤੇ (ਉਸ ਦਾ) ਜਸ ਗਾਉਂਦਾ ਹਾਂ, (ਜਿਹੜਾ ਨਾਮ ਮੈਨੂੰ) ਅੰਤ ਸਮੇਂ ਸਹਾਇਕ ਹੋ ਕੇ ਦਰਗਾਹ ਵਿਚ (ਜਮਾਂ ਤੋਂ) ਛੁਡਾ ਲਵੇਗਾ।੧। ਰਹਾਉ। ਹੇ ਪ੍ਰਭੂ! ਤੂੰ (ਸਭ ਜੀਵਾਂ ਦੇ) ਅੰਦਰ ਦੀ ਜਾਨਣ ਵਾਲਾ ਹੈਂ, ਤੂੰ ਆਪੇ ਦਾਤਾ ਹੈਂ ਅਤੇ (ਤੂੰ ਆਪੇ ਹੀ) ਕ੍ਰਿਪਾ ਕਰਕੇ ਮੇਰੇ ਮਨ ਵਿਚ (ਨਾਮ ਸਿਮਰਨ ਦੀ) ਲੋਚਾ ਲਾਈ ਹੈ। ਮੇਰੇ ਮਨ ਤੇ ਤਨ ਵਿਚ ਹਰੀ ਨਾਲ ਮਿਲਣ ਦੀ ਲੋਚ ਲੱਗੀ ਹੈ, ਪ੍ਰਭੂ ਨੇ ਮੇਰੀ ਲੋਚਾ ਮੈਨੂੰ ਸਤਿਗੁਰੂ ਦੀ ਸ਼ਰਣ ਵਿਚ ਲਾ ਕੇ ਪੂਰੀ ਕੀਤੀ ਹੈ।੨। (ਹੇ ਭਾਈ! ਸਭ ਨੇ) ਪੁੰਨ ਕਰਮਾਂ ਕਰਕੇ ਮਨੁੱਖਾ ਜਨਮ ਪਾਇਆ ਹੈ, (ਪਰ ਇਹ) ਨਾਮ ਤੋਂ ਬਿਨਾ ਬਿਰਥਾ ਜਾਂਦਾ ਹੈ, (ਐਸਾ ਜਨਮ) ਧ੍ਰਿਗ ਹੈ ਧ੍ਰਿਗ ਹੈ। ਨਾਮ ਤੋਂ ਬਿਨਾ (ਮਨੁੱਖ) ਤਰ੍ਹਾਂ ਤਰ੍ਹਾਂ ਦੇ ਸੁਆਦਲੇ ਪਦਾਰਥ ਖਾਂਦਾ ਹੈ, ਜੋ ਦੁੱਖ ਰੂਪ ਹਨ, ਮੂੰਹ ਫਿੱਕਾ (ਬੇਰਸਾ) ਰਹਿੰਦਾ ਹੈ (ਫਿੱਕਾ ਹੀ ਬੋਲਦਾ ਹੈ) ਅਤੇ ਮੂੰਹ ਉਤੇ ਥੁੱਕਾਂ ਪੈਂਦੀਆਂ ਹਨ ਤੇ ਪ੍ਰਲੋਕ ਵਿਚ ਥੁੱਕਾਂ ਹੀ ਪੈਂਦੀਆਂ ਹਨ (ਬੇਪਤੀ ਹੁੰਦੀ ਹੈ)।੩। ਜਿਹੜੇ ਪੁਰਖ ਹਰੀ ਪ੍ਰਭੂ ਦੇ ਹਰਿ ਹਰਿ ਨਾਮ ਦੀ ਸ਼ਰਣ ਵਿਚ ਆ ਜਾਂਦੇ ਹਨ, ਹਰੀ ਉਨ੍ਹਾਂ ਨੂੰ ਦਰਗਾਹ ਵਿਚ ਵਡਿਆਈ ਦੇਂਦਾ ਹੈ। ਦਾਸ ਨਾਨਕ ਆਖਦਾ ਹੈ ਕਿ ਪ੍ਰਭੂ (ਐਸੇ) ਪੁਰਖਾਂ ਨੂੰ ਧੰਨ ਧੰਨ ਤੇ ਸ਼ਾਬਾਸ਼ ਕਹਿੰਦਾ ਹੈ ਅਤੇ ਅਪਣੇ ਗਲ ਨਾਲ ਲਾ ਕੇ (ਅਪਣੇ ਨਾਲ) ਮੇਲ ਲੈਂਦਾ ਹੈ।੪।੪।

ਪਦਾਰਥ = ਹੋਹੁ-ਹੋਵੋ। ਲਾਵਹੁ-ਲਾਵੋ। ਹਉ-ਮੈਂ। ਨਿਤ-ਸਦਾ। ਨਿਧਾਨ-ਖਜਾਨੇ। ਜਿਤੁ ਜਪਿਐ-ਜਿਸ ਨੂੰ ਜਪਣ ਨਾਲ। ਲਹਿ ਜਾਈ-ਦੂਰ ਹੋ ਜਾਂਦੇ ਹਨ।੧। ਸਖਾ-ਮਿਤ੍ਰ। ਭਾਈ-ਭਰਾ। ਅੰਤਿ-ਅੰਤ (ਮਰਨ) ਸਮੇਂ। ਬੇਲੀ-ਸਹਾਇਤਾ ਕਰਨ ਵਾਲਾ।੧। ਰਹਾਉ। ਅੰਤਰ ਜਾਮੀ-ਅੰਦਰ ਦੀਆਂ ਜਾਨਣ ਵਾਲਾ। ਲੋਚ-ਰੁਚੀ ;ਇੱਛਾ। ਹਰਿ ਸੇਤੀ-ਹਰੀ ਨਾਲ। ਪ੍ਰਭਿ-ਪ੍ਰਭੂ ਨੇ।੨। ਮਾਣਸ ਜਨਮੁ-ਮਨੁੱਖਾ ਜਨਮ। ਪੁੰਨਿ ਕਰਿ-ਭਲੇ ਕਰਮਾਂ ਕਰਕੇ। ਧ੍ਰਿਗੁ-ਲਾਹਣਤ। ਰਸ ਕਸ-ਸੁਆਦਲੇ ਪਦਾਰਥ; ਸ਼ਰਾਬ ਆਦਿ। ਮੁਖਿ-ਮੂੰਹ ਉਤੇ। ਥੁਕ ਪਾਈ-ਥੁੱਕਾਂ ਪੈਂਦੀਆਂ ਹਨ; ਲਾਹਣਤਾਂ ਪੈਂਦੀਆਂ ਹਨ।੩। ਜੋ ਜਨ-ਜਿਹੜੇ ਪੁਰਖ। ਤਿਨ-ਉਨ੍ਹਾਂ ਨੂੰ। ਕਉ-ਨੂੰ। ਗਲਿ-ਗਲ ਨਾਲ।੪।੪।

ਗੂਜਰੀ ਮਹਲਾ ੪ ॥ ਗੁਰਮੁਖਿ ਸਖੀ ਸਹੇਲੀ ਮੇਰੀ, ਮੋਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ ॥ ਹਮ ਹੋਵਹਿ ਲਾਲੇ ਗੋਲੇ ਗੁਰਸਿਖਾ ਕੇ, ਜਿਨ੍ਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥੧॥ ਮੇਰੈ ਮਨਿ ਤਨਿ ਬਿਰਹੁ ਗੁਰਸਿਖ ਪਗ ਲਾਇਆ ॥ ਮੇਰੇ ਪ੍ਰਾਨ ਸਖਾ ਗੁਰ ਕੇ ਸਿਖ ਭਾਈ, ਮੋਕਉ ਕਰਹੁ ਉਪਦੇਸੁ ਹਰਿ ਮਿਲੈ ਮਿਲਾਇਆ ॥੧॥ਰਹਾਉ॥ ਹੇ ਮੇਰੀ ਸਖੀ ਸਹੇਲੀ ਰੂਪ ਗੁਰਮੁਖੋ! ਹਰੀ ਦੇ (ਨਾਮ ਸਿਮਰਨ ਦਾ ਮੈਨੂੰ) ਦਾਨ ਦਿਓ, ਜੋ ਪ੍ਰਾਣਾਂ ਨੂੰ ਜਿਵਾਉਣ ਵਾਲਾ ਹੈ। ਅਸੀਂ (ਉਨ੍ਹਾਂ) ਗੁਰਸਿੱਖਾਂ ਦੇ ਦਾਸਾਂ ਦੇ ਦਾਸ ਹੋ ਜਾਈਏ, ਜਿਨ੍ਹਾਂ ਨੇ ਹਰ ਰੋਜ ਹਰੀ ਪ੍ਰਭੂ ਪੁਰਖ ਨੂੰ ਸਿਮਰਿਆ ਹੈ।੧। (ਪ੍ਰਭੂ ਨੇ) ਮੇਰੇ ਮਨ ਵਿਚ ਤੇ ਤਨ ਵਿਚ ਗੁਰਸਿੱਖਾਂ ਦੇ ਚਰਨਾਂ ਦਾ ਪ੍ਰੇਮ ਲਾ ਦਿਤਾ (ਉਨ੍ਹਾਂ ਦੀ ਸੰਗਤ ਦੀ ਤਾਂਘ ਲਾ ਦਿਤੀ) ਹੈ। ਹੇ ਮੇਰੇ ਪ੍ਰਾਣਾਂ ਦੇ ਮਿਤ੍ਰ ਗੁਰੂ ਦੇ ਸਿੱਖ ਭਰਾਵੋ! (ਤੁਸੀਂ) ਮੈਨੂੰ ਉਪਦੇਸ਼ ਦੇਣਾ ਕਰੋ, (ਜਿਸ ਉਪਦੇਸ਼ ਦੀ ਬਰਕਤ ਨਾਲ ਤੁਹਾਡਾ) ਮਿਲਾਇਆ ਹਰੀ (ਮੈਨੂੰ) ਮਿਲ ਪਵੇ।੧। ਰਹਾਉ।

ਅੰਗ ੪੯੪ = ਜਾ ਹਰਿ ਪ੍ਰਭ ਭਾਵੈ ਤਾ ਗੁਰਮੁਖਿ ਮੇਲੇ, ਜਿਨ੍ ਵਚਨ ਗੁਰੂ ਸਤਿਗੁਰ ਮਨਿ ਭਾਇਆ ॥ ਵਡਭਾਗੀ ਗੁਰ ਕੇ ਸਿਖ ਪਿਆਰੇ, ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ ॥੨॥ ਸਤਸੰਗਤਿ ਗੁਰ ਕੀ ਹਰਿ ਪਿਆਰੀ, ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥ ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ, ਸੇ ਭਾਗਹੀਣ ਪਾਪੀ ਜਮਿ ਖਾਇਆ ॥੩॥ ਆਪਿ ਕ੍ਰਿਪਾਲੁ ਕ੍ਰਿਪਾ ਪ੍ਰਭੁ ਧਾਰੇ,

ਹਰਿ ਆਪੇ ਗੁਰਮੁਖਿ ਮਿਲੈ ਮਿਲਾਇਆ ॥ ਜਨੁ ਨਾਨਕੁ ਬੋਲੇ ਗੁਣ ਬਾਣੀ, ਗੁਰਬਾਣੀ ਹਰਿ ਨਾਮਿ ਸਮਾਇਆ ॥੪॥੫॥ ਜਦ ਹਰੀ ਪ੍ਰਭੂ ਨੂੰ ਚੰਗਾ ਲਗਦਾ ਹੈ, ਤਾਂ ਐਸੇ ਗੁਰਮੁਖ ਮਿਲਾ ਦੇਂਦਾ ਹੈ, ਜਿਨ੍ਹਾਂ ਨੂੰ ਪੂਜਨੀਕ ਸਤਿਗੁਰੂ ਦੇ ਵਚਨ ਮਨ ਵਿਚ ਪਿਆਰੇ ਲਗਦੇ ਹਨ। ਗੁਰੂ ਦੇ ਪਿਆਰੇ ਸਿੱਖ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਨਿਰਲੇਪ ਹਰੀ ਤੋਂ ਮੁਕਤ ਪਦ ਪ੍ਰਾਪਤ ਕਰ ਲਿਆ ਹੈ।੨।(ਹੇ ਭਾਈ!) ਜਿਨ੍ਹਾਂ ਪੁਰਖਾਂ ਦੇ ਮਨ ਵਿਚ ਹਰੀ ਦਾ ਮਿੱਠਾ ਨਾਮ ਪਿਆਰਾ ਲਗਦਾ ਹੈ, ਉਨ੍ਹਾਂ ਨੂੰ ਹਰੀ ਰੂਪ ਗੁਰੂ ਦੀ ਸਤਸੰਗਤ ਪਿਆਰੀ ਲਗਦੀ ਹੈ। ਜਿਨ੍ਹਾਂ ਮਨੁੱਖਾਂ ਨੇ ਸਤਿਗੁਰੂ ਦੀ ਸੰਗਤ ਦਾ ਸੰਗ ਪ੍ਰਾਪਤ ਨਹੀਂ ਕੀਤਾ, ਉਹ ਪਾਪੀ ਭਾਗਾਂ ਤੋਂ ਖਾਲੀ ਹਨ ਅਤੇ ਉਨ੍ਹਾਂ ਨੂੰ ਜਮ ਨੇ ਖਾ ਲਿਆ ਹੈ।੩।(ਹੇ ਭਾਈ! ਜਦ) ਕ੍ਰਿਪਾਲੂ ਪ੍ਰਭੂ ਆਪ ਕ੍ਰਿਪਾ ਕਰਦਾ ਹੈ, ਤਾਂ ਹਰੀ ਆਪ ਹੀ ਗੁਰਮੁਖਾਂ ਰਾਹੀਂ ਮਿਲਾਇਆ ਮਿਲ ਪੈਂਦਾ ਹੈ। ਦਾਸ ਨਾਨਕ ਗੁਣਾਂ ਨਾਲ ਭਰਪੂਰ ਬਾਣੀ ਉਚਾਰਦਾ ਹੈ, ਗੁਰਬਾਣੀ ਦੀ ਬਰਕਤ ਨਾਲ ਮਨੁੱਖ ਹਰੀ ਦੇ ਨਾਮ ਵਿਚ ਮਿਲ ਜਾਂਦਾ ਹੈ।੪।੫।

ਪਦਾਰਥ = ਸਖੀ ਸਹੇਲੀ–ਹੇ ਪਿਆਰੀ ਸਹੇਲੀਓ!। ਮੋਕਉ–ਮੈਨੂੰ। ਜੀਵਾਇਆ–ਜਿਵਾਉਣ ਵਾਲਾ; ਆਤਮਕ ਜੀਵਨ ਦੇਣ ਵਾਲਾ। ਹਮ–ਅਸੀਂ। ਹੋਵਹਿ–ਹੋ ਜਾਈਏ। ਲਾਲੇ ਗੋਲੇ–ਦਾਸਾਂ ਦੇ ਦਾਸ; ਮੁੱਲ ਖ਼੍ਰੀਦੇ ਗੁਲਾਮ (ਮ.ਕੋ.)। ਅਨਦਿਨੁ–ਹਰ ਰੋਜ।੧। ਬਿਰਹੁ–ਪ੍ਰੇਮ; ਲਗਨ। ਪਗ–ਪੈਰਾਂ (ਚਰਨਾਂ) ਦੀ। ਸਖਾ–ਮਿਤ੍ਰ।੧। ਰਹਾਉ। ਜਾ–ਜਦ। ਭਾਵੈ–ਚੰਗਾ ਲਗਦਾ ਹੈ। ਤਾ–ਤਾਂ; ਤਦ। ਮਨਿ–ਮਨ ਵਿਚ। ਭਾਇਆ–ਚੰਗੇ (ਪਿਆਰੇ) ਲਗੇ ਹਨ। ਨਿਰਬਾਣੀ–ਨਿਰਲੇਪ। ਨਿਰਬਾਣ ਪਦੁ–ਮੁਕਤ ਪਦ; ਸੰਸਾਰ ਦੇ ਬੰਧਨਾਂ ਤੋਂ ਰਹਿਤ ਪਦਵੀ।੨। ਸੰਗੁ–ਮੇਲ; ਸਾਥ। ਸੇ–ਉਹ। ਭਾਗਹੀਣ–ਅਭਾਗੇ। ਜਮਿ–ਜਮ ਨੇ।੩। ਧਾਰੇ–ਧਾਰਦਾ (ਕਰਦਾ) ਹੈ। ਗੁਰਮੁਖਿ–ਗੁਰਮੁਖਾਂ ਰਾਹੀਂ। ਜਨੁ ਨਾਨਕੁ–ਦਾਸ ਨਾਨਕ। ਗੁਣ ਬਾਣੀ–ਗੁਣਾਂ ਨਾਲ ਭਰਪੂਰ ਬਾਣੀ। ਨਾਮ–ਨਾਮ ਵਿਚ। ਸਮਾਇਆ–ਮਿਲ ਜਾਂਦਾ ਹੈ।੪।੫।

ਗੂਜਰੀ ਮਹਲਾ ੪ ॥ ਜਿਨ ਸਤਿਗੁਰੁ ਪੁਰਖੁ ਜਿਨਿ ਹਰਿ ਪ੍ਰਭੁ ਪਾਇਆ, ਮੋ ਕਉ ਕਰਿ ਉਪਦੇਸੁ ਹਰਿ ਮੀਠ ਲਗਾਵੈ ॥ ਮਨੁ ਤਨੁ ਸੀਤਲੁ ਸਭ ਹਰਿਆ ਹੋਆ, ਵਡਭਾਗੀ ਹਰਿ ਨਾਮੁ ਧਿਆਵੈ ॥੧॥ ਭਾਈ ਰੇ ਮੋ ਕਉ ਕੋਈ ਆਇ ਮਿਲੈ, ਹਰਿ ਨਾਮੁ ਦ੍ਰਿੜਾਵੈ ॥ ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ, ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ ॥੧॥ਰਹਾਉ॥ ਧੀਰਜੁ ਧਰਮੁ ਗੁਰਮਤਿ ਹਰਿ ਪਾਇਆ, ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥ ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ, ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥ ਨਿਰਮਲੁ ਨਾਮੁ ਜਿਤੁ ਮੈਲੁ ਨ ਲਾਗੈ, ਗੁਰਮਤਿ ਨਾਮੁ ਜਪੈ ਲਿਵ ਲਾਵੈ ॥ ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ, ਸੇ ਭਾਗਹੀਣ ਮੁਏ ਮਰਿ ਜਾਵੈ ॥੩॥ ਆਨਦ ਮੂਲੁ ਜਗਜੀਵਨ ਦਾਤਾ, ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ ॥ ਤੂੰ ਦਾਤਾ ਜੀਅ ਸਭਿ ਤੇਰੇ, ਜਨ ਨਾਨਕ ਗੁਰਮੁਖਿ ਬਖਸਿ ਮਿਲਾਵੈ ॥੪॥੬॥ ਜਿਨ੍ਹਾਂ ਗੁਰਮੁਖਾਂ ਨੇ ਸਤਿਗੁਰੂ ਪੁਰਖ ਨੂੰ (ਅਤੇ ਸਤਿਗੁਰੂ ਦੀ ਸ਼ਰਣ ਵਿਚ ਪੈ ਕੇ) ਜਿਸ ਗੁਰਮੁਖ ਨੇ ਹਰੀ ਪ੍ਰਭੂ ਨੂੰ ਪ੍ਰਾਪਤ ਕੀਤਾ ਹੈ, ਉਹ ਮੈਨੂੰ ਉਪਦੇਸ਼ ਦੇ ਕਰਕੇ ਹਰੀ ਮਿੱਠਾ ਲਵਾ ਦੇਵੇ (ਹਰੀ ਦਾ ਪਿਆਰ ਮੇਰੇ ਅੰਦਰ ਲਗਾ ਦੇਵੇ। ਹੇ ਭਾਈ! ਉਸ ਦਾ) ਤਨ ਤੇ ਮਨ ਸਭ ਸੀਤਲ ਤੇ ਹਰਾ ਭਰਾ ਹੋ ਗਿਆ ਹੈ, ਜਿਹੜਾ ਵੱਡੇ ਭਾਗਾਂ ਵਾਲਾ (ਮਨੁੱਖ) ਹਰੀ ਦਾ ਨਾਮ ਧਿਆਉਂਦਾ ਹੈ।੧। ਹੇ ਭਾਈ! ਮੈਨੂੰ ਕੋਈ ਗੁਰਮੁਖ ਆ ਮਿਲੇ, (ਜਿਹੜਾ ਮੈਨੂੰ) ਹਰੀ ਦਾ ਨਾਮ ਦ੍ਰਿੜ ਕਰਾ ਦੇਵੇ। ਉਹ ਮੇਰੇ ਪ੍ਰਾਣਾਂ ਦਾ ਪਿਆਰਾ ਹੈ, (ਉਸ ਨੂੰ) ਮੈਂ ਮਨ ਤੇ ਤਨ ਸਭ ਕੁਛ ਭੇਟਾ ਕਰ ਦੇਵਾਂ, (ਜੋ ਮੈਨੂੰ) ਮੇਰੇ ਹਰੀ ਪ੍ਰਭੂ ਦੀ ਕਥਾ ਸੁਣਾਵੇ।੧। ਰਹਾਉ।(ਜੋ ਮਨੁੱਖ) ਹਰ ਰੋਜ ਹਰੀ ਦੇ ਨਾਮ ਦੁਆਰਾ ਹਰੀ ਨਾਲ ਚਿਤ ਜੋੜਦਾ ਹੈ, ਉਸ ਨੇ ਗੁਰੂ ਦੀ ਸਿੱਖਿਆ ਦੁਆਰਾ ਧੀਰਜ ਤੇ ਧਰਮ ਹਾਸਲ ਕਰਕੇ ਤੇ ਹਰੀ ਨੂੰ ਪਾ ਲਿਆ ਹੈ। ਸਤਿਗੁਰੂ ਦੇ ਬਚਨ ਅੰਮ੍ਰਿਤ ਰੂਪ ਬਾਣੀ ਜੋ ਵੀ ਮਨੁੱਖ ਬੋਲਦਾ (ਪੜ੍ਹਦਾ) ਹੈ, ਉਹ (ਅਪਣੇ) ਮੂੰਹ ਵਿਚ ਅੰਮ੍ਰਿਤ ਰਸ ਪਾਉਂਦਾ ਹੈ।੨। ਹਰੀ ਦਾ ਨਾਮ ਨਿਰਮਲ ਹੈ, ਜਿਸ ਨੂੰ (ਜਪਣ ਨਾਲ ਮਨ ਨੂੰ) ਮੈਲ ਨਹੀਂ ਲਗਦੀ, (ਇਸ ਕਰਕੇ) ਗੁਰੂ ਦੀ ਸਿੱਖਿਆ ਦੁਆਰਾ ਨਾਮ ਨੂੰ ਜਪੇ ਤੇ (ਹਰੀ ਵਿਚ) ਲਿਵ ਲਗਾਵੇ। ਨਾਮ ਰੂਪ ਪਦਾਰਥ ਜਿਨ੍ਹਾਂ ਮਨੁੱਖਾਂ ਨੇ ਨਹੀਂ ਪਾਇਆ, ਉਹ ਅਭਾਗੇ (ਆਤਮਕ ਮੌਤੇ) ਮਰੇ ਹੋਏ ਹਨ ਅਤੇ ਮਰ ਕੇ ਵੀ (ਜੋਨੀਆਂ ਵਿਚ ਹੀ) ਜਾਂਦੇ ਹਨ (ਜੰਮਦੇ ਮਰਦੇ ਰਹਿੰਦੇ ਹਨ।੩। ਹੁਣ ਹਰੀ ਦੇ ਦਾਸਾਂ ਲਈ ਅਰਦਾਸ ਕਰਦੇ ਹਨ) ਹੇ ਅਨੰਦ ਦੇ ਸੋਮੇ ਹਰੀ! ਤੂੰ ਜਗਤ ਦਾ ਜੀਵਨ ਦਾਤਾ ਹੈਂ, ਹੇ ਹਰੀ! (ਜੋ ਤੈਨੂੰ) ਧਿਆਉਂਦੇ ਹਨ, (ਉਨ੍ਹਾਂ) ਸਾਰੇ ਸੇਵਕਾਂ ਨੂੰ ਅਨੰਦ ਦੇਣਾ ਕਰੋ। ਸਾਰੇ ਜੀਵ ਤੇਰੇ ਪੈਦਾ ਕੀਤੇ ਹੋਏ ਹਨ, ਤੂੰ (ਇਨ੍ਹਾਂ ਦਾ) ਦਾਤਾ ਹੈਂ, ਦਾਸ ਨਾਨਕ ਆਖਦਾ ਹੈ ਕਿ ਗੁਰੂ ਦੁਆਰਾ ਬਖਸ਼ ਕੇ (ਤੂੰ ਦਾਸਾਂ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈਂ।੪।੬।

ਪਦਾਰਥ = ਜਿਨ–ਜਿਨ੍ਹਾਂ ਨੇ। ਜਿਨਿ–ਜਿਸ ਨੇ। ਮੋਕਉ–ਮੈਨੂੰ। ਹਰਿਆ–ਪ੍ਰਫੁੱਲਿਤ; ਅਨੰਦ; ਖੁਸ਼। ਵਡਭਾਗੀ–ਵੱਡੇ ਭਾਗਾਂ ਵਾਲਾ।੧। ਦ੍ਰਿੜਾਵੈ–ਦ੍ਰਿੜ ਕਰਾ ਦੇਵੇ (ਹਿਰਦੇ ਵਿਚ ਪੱਕਾ ਕਰਾ ਦੇਵੇ)। ਪ੍ਰੀਤਮ ਪ੍ਰਾਨ–ਪ੍ਰਾਣਾਂ ਤੋਂ ਵੱਧ ਪਿਆਰਾ। ਦੇਵਾ–ਮੈਂ ਦੇ ਦੇਵਾਂ।੧। ਰਹਾਉ। ਧੀਰਜੁ–ਚਿਤ ਦਾ ਟਿਕਾਉ। ਗੁਰਮਤਿ–ਗੁਰੂ ਦੀ ਸਿੱਖਿਆ। ਨਿਤ–ਸਦਾ; ਹਰ ਰੋਜ। ਹਰਿ ਨਾਮੈ–ਹਰੀ ਦੇ ਨਾਮ ਦੁਆਰਾ। ਹਰਿ ਸਿਉ–ਹਰੀ ਨਾਲ। ਸੋ–ਉਹ। ਮੁਖਿ–ਮੂੰਹ ਵਿਚ।੨। ਨਿਰਮਲੁ–ਮੈਲ ਤੋਂ ਰਹਿਤ (ਪਵਿਤ੍ਰ)। ਜਿਤੁ–ਜਿਸ ਨੂੰ। ਜਿਨ ਨਰ–ਜਿਨ੍ਹਾਂ ਮਨੁੱਖਾਂ ਨੇ। ਸੇ–ਉਹ। ਭਾਗਹੀਣ–ਅਭਾਗੇ।੩। ਆਨਦ ਮੂਲੁ–ਅਨੰਦ ਦਾ ਸੋਮਾ। ਜਗ ਜੀਵਨ–ਜਗਤ ਦਾ ਜੀਵਨ। ਜਨ ਕਉ–ਸੇਵਕਾਂ ਨੂੰ। ਅਨਦੁ ਕਰਹੁ–ਅਨੰਦ ਦੇਣਾ ਕਰੋ; ਸੁਖੀ ਕਰੋ। ਜੀਅ–ਜੀਵ। ਗੁਰਮੁਖਿ–ਗੁਰੂ ਦੁਆਰਾ। ਬਖਸਿ–ਬਖਸ਼ ਕੇ; ਮੇਹਰ ਕਰਕੇ।੪।੬।

ੴ ਸਤਿਗੁਰ ਪ੍ਰਸਾਦਿ ॥ ਗੂਜਰੀ ਮਹਲਾ ੪ ਘਰੁ ੩ ॥ ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ ॥ ਸਭਨਾ ਕਉ ਸਨਬੰਧੁ ਹਰਿ ਕਰਿ ਦੀਏ ॥੧॥ ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥ ਹਰਿ ਕਾ ਤਨੁ ਮਨੁ ,ਸਭੁ ਹਰਿ ਕੈ ਵਸਿ ਹੈ ਸਰੀਰ ॥੧॥ਰਹਾਉ॥ ਭਗਤ ਜਨਾ ਕਉ ਸਰਧਾ, ਆਪਿ ਹਰਿ ਲਾਈ ॥ ਵਿਚੇ ਗ੍ਰਿਸਤ ਉਦਾਸ ਰਹਾਈ ॥੨॥ ਜਬ ਅੰਤਰਿ ਪ੍ਰੀਤਿ ਹਰਿ ਸਿਉ ਬਨਿ ਆਈ ॥ ਤਬ ਜੋ ਕਿਛੁ ਕਰੇ, ਸੁ ਮੇਰੇ ਹਰਿ ਪ੍ਰਭ ਭਾਈ ॥੩॥ ਜਿਤੁ ਕਾਰੈ ਕੰਮਿ ਹਮ ਹਰਿ ਲਾਏ ॥ ਸੋ ਹਮ ਕਰਹ ਜੁ ਆਪਿ ਕਰਾਏ ॥੪॥ ਜਿਨ ਕੀ ਭਗਤਿ ਮੇਰੇ ਪ੍ਰਭ ਭਾਈ ॥ ਤੇ ਜਨ ਨਾਨਕ ਰਾਮ ਨਾਮ ਲਿਵ ਲਾਈ ॥੫॥੧॥੭॥੧੬॥ ਮਾਂ ਬਾਪ ਪੁਤ੍ਰ ਆਦਿ ਸਾਰੇ ਰਿਸ਼ਤੇ ਹਰੀ ਦੇ ਬਣਾਏ ਹੋਏ ਹਨ। ਸਾਰਿਆਂ ਦੇ ਤਾਈਂ (ਆਪਸ ਦੇ) ਸਬੰਧ ਹਰੀ ਨੇ ਪੈਦਾ ਕਰ ਦਿਤੇ ਹਨ।੧। ਹੇ ਮੇਰੇ ਵੀਰ! ਸਾਡਾ ਸਾਰਾ ਜੋਰ ਰਹਿ ਚੁੱਕਾ ਹੈ।(ਹਉਮੈ ਦਾ ਜੋਰ ਮੁੱਕ ਜਾਣ ਕਰਕੇ ਹੁਣ ਪ੍ਰਤੀਤ ਹੁੰਦਾ ਹੈ ਕਿ) ਸਾਡਾ ਤਨ ਤੇ ਮਨ ਹਰੀ ਦਾ ਹੈ ਅਤੇ ਸਾਰਾ ਸਰੀਰ ਵੀ ਹਰੀ ਦੇ ਵਸ ਵਿਚ ਹੈ।੧।ਰਹਾਉ। ਹਰੀ ਨੇ ਆਪ ਹੀ ਭਗਤ ਜਨਾਂ ਨੂੰ (ਪ੍ਰਭੂ ਨੂੰ ਮਿਲਣ ਦੀ) ਸ਼ਰਧਾ ਲਾਈ ਹੈ।(ਇਸ ਸ਼ਰਧਾ ਦੇ ਕਾਰਣ ਹਰੀ ਉਨ੍ਹਾਂ ਨੂੰ) ਗ੍ਰਿਹਸਥ ਵਿਚ ਹੀ ਉਦਾਸ ਰਖਦਾ ਹੈ; (ਉਹ) ਗ੍ਰਿਹਸਤ ਵਿਚ ਹੀ ਉਦਾਸ ਰਹਿੰਦੇ ਹਨ (ਘਰ ਬਾਰੀ ਹੁੰਦੇ ਹੋਏ ਵੀ ਸੰਸਾਰ ਵਿਚ ਖੁਭਦੇ ਨਹੀਂ)।੨। ਜਦ (ਭਗਤ ਦੇ) ਹਿਰਦੇ ਅੰਦਰ ਹਰੀ ਨਾਲ ਸੱਚੀ ਪ੍ਰੀਤ ਬਣ ਆਉਂਦੀ ਹੈ। ਤਦ ਜੋ ਕੁਝ ਵੀ (ਭਗਤ ਕਰਮ) ਕਰਦਾ ਹੈ, ਉਹ ਮੇਰੇ ਹਰੀ ਪ੍ਰਭੂ ਨੂੰ ਚੰਗਾ ਲਗਦਾ ਹੈ (ਕਿਉਂਕਿ ਭਗਤ ਕੋਈ ਵੀ ਕੰਮ ਰੱਬ ਦੇ ਹੁਕਮ ਦੇ ਉਲਟ ਕਰਦਾ ਹੀ ਨਹੀਂ)।੩। ਜਿਸ ਕੰਮ ਕਾਰ ਵਿਚ ਹਰੀ ਨੇ ਅਸੀਂ ਲਾਏ ਹੋਏ ਹਾਂ। ਅਸੀਂ ਉਹ ਕੰਮ ਹੀ ਕਰਦੇ ਹਾਂ, ਜੋ ਪ੍ਰਭੂ ਆਪ (ਸਾਥੋਂ) ਕਰਾਉਂਦਾ ਹੈ।੪। ਜਿਨ੍ਹਾਂ (ਪੁਰਖਾਂ ਦੀ) ਭਗਤੀ ਮੇਰੇ ਪ੍ਰਭੂ ਨੂੰ ਚੰਗੀ ਲੱਗਦੀ ਹੈ। ਉਹ ਪੁਰਖ ਹਰੀ ਦੇ ਨਾਮ ਦੀ ਲਿਵ ਲਾਈ ਰਖਦੇ ਹਨ।੫।੧।੭।੧੬।

ਪਦਾਰਥ = ਮਾਈ–ਮਾਂ। ਕੀਏ–ਬਣਾਏ (ਪੈਦਾ ਕੀਤੇ) ਹੋਏ ਹਨ। ਸਭਨਾ ਕਉ–ਸਾਰਿਆਂ ਦੇ ਤਾਈਂ। ਸਨਬੰਧੁ–(ਆਪਸ ਦਾ) ਰਿਸ਼ਤਾ। ਕਰਿ ਦੀਏ–ਪੈਦਾ ਕਰ ਦਿਤੇ ਹਨ।੧। ਹਮਰਾ–ਸਾਡਾ। ਜੋਰੁ–ਬਲ; ਤਾਕਤ। ਰਹਿਓ–ਰਹਿ ਚੁੱਕਾ (ਨਹੀਂ ਚਲਦਾ)। ਮੇਰੇ ਬੀਰ–ਹੇ ਮੇਰੇ ਵੀਰ!। ਵਸਿ–ਵਸ ਵਿਚ।੧। ਰਹਾਉ। ਵਿਚੇ–ਵਿਚ ਹੀ। ਗ੍ਰਿਸਤ–ਗ੍ਰਿਹਸਤ। ਉਦਾਸ–ਉਪਰਾਮ (ਮੋਹ ਰਹਿਤ)। ਰਹਾਈ–ਰਖਦਾ ਹੈ।੨। ਜਬ–ਜਦ। ਅੰਤਰਿ–ਹਿਰਦੇ ਅੰਦਰ। ਹਰਿ ਸਿਉ–ਹਰੀ ਨਾਲ। ਤਬ–ਤਦ। ਸੁ–ਉਹ। ਭਾਈ–ਚੰਗਾ ਲਗਦਾ ਹੈ।੩। ਜਿਤੁ–ਜਿਸ। ਕਾਰੈ–ਕੰਮ ਕਾਰ ਵਿਚ। ਹਮ–ਅਸੀਂ। ਸੋ–ਉਹ। ਕਰਹ–ਕਰਦੇ ਹਾਂ।੪। ਤੇ ਜਨ–ਉਹ ਪੁਰਖ। ਲਿਵ–ਧਿਆਨ; ਪ੍ਰੀਤ।੫।੧।੭।੧੬।

ਸਾਰੰਸ਼ = ਹਰੀ ਦੇ ਮਿਲਾਪ ਲਈ ਗ੍ਰਿਹਸਤ ਦੇ ਰਿਸ਼ਤੇ ਰੁਕਾਵਟਾਂ ਨਹੀਂ ਹਨ, ਸੱਗੋਂ ਸਹਾਈ ਹੁੰਦੇ ਹਨ, ਕਿਉਂਕਿ ਇਹ ਰਿਸ਼ਤੇ ਰੱਬ ਨੇ ਆਪ ਅਪਣੀ ਰਜ਼ਾ ਪੂਰੀ ਕਰਨ ਲਈ ਬਣਾਏ ਹਨ। ਇਕ ਵਾਰੀ ਅਪਣਾ ਮਨ ਹਰੀ ਨੂੰ ਸੌਂਪਣ ਦੀ ਲੋੜ ਹੈ, ਫਿਰ ਜੋ ਕੁਝ ਸਾਥੋਂ ਹੁੰਦਾ ਹੈ, ਹਰੀ ਦੀ ਰਜ਼ਾ ਦੇ ਅਨੁਕੂਲ ਹੀ ਹੁੰਦਾ ਹੈ (ਸ਼ਬਦਾਰਥ)। ਜਦ ਭਗਤ ਅਪਣੇ ਆਪ ਨੂੰ ਹਰੀ ਦੇ ਹਵਾਲੇ ਕਰ ਦਿੰਦਾ ਹੈ ਤਾਂ ਉਸ ਦੇ ਅੰਦਰ ਹਉਮੈ ਉਕਾ ਹੀ ਨਹੀਂ ਰਹਿੰਦੀ। ਉਹ ਹਰੀ ਦਾ ਰੂਪ ਹੋ ਜਾਂਦਾ ਹੈ ਅਤੇ ਸਭ ਕਾਸੇ ਦਾ ਕਰਤਾ ਹਰੀ ਨੂੰ ਹੀ ਮੰਨਦਾ ਹੈ।

ਅੰਗ ੪੯੫ = ਉਥਾਨਕਾ = ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਪ੍ਰਿਥੀ ਚੰਦ ਮਸੰਦਾਂ ਦਾ ਆਉਂਦਿਆਂ ਸੁਣ ਕੇ ਅੱਗੇ ਹੋ ਕੇ ਸਾਰੀ ਕਾਰ ਭੇਟ ਲੈ ਲੈਂਦਾ ਸੀ। ਅਤੇ ਸੰਗਤਾਂ ਨੂੰ ਲੰਗਰ ਛਕਣ ਲਈ ਗੁਰੂ ਅਰਜਨ ਦੇਵ ਜੀ ਕੋਲ ਭੇਜ ਦਿੰਦਾ ਸੀ, ਇਸ ਲਈ ਲੰਗਰ ਵਿਚ ਰਸਦ ਪਾਣੀ ਦੀ ਕਮੀ ਆ ਗਈ ਸੀ। ਭਾਈ ਗੁਰਦਾਸ ਜੀ ਆਗਰੇ ਵਿਚ ਗੁਰਮਤਿ ਦਾ ਪ੍ਰਚਾਰ ਕਰਕੇ ਸੰਗਤਾਂ ਸਮੇਤ ਜਦ ਅੰਮ੍ਰਿਤਸਰ ਪਹੁੰਚੇ ਤਾਂ ਲੰਗਰ ਵਿਚ ਮਿੱਸੇ ਪਰਸ਼ਾਦੇ ਵਰਤਦੇ ਦੇਖ ਕੇ ਗੁਰੂ ਜੀ ਨੂੰ ਕਹਿਣ ਲੱਗੇ ਕਿ ਸਾਨੂੰ ਕੁਝ ਉਦਮ ਕਰਨਾ ਚਾਹੀਦਾ ਹੈ। ਭਾਈ ਗੁਰਦਾਸ ਜੀ ਦੀ ਇਹ ਗੱਲ ਸੁਣ ਕੇ ਗੁਰੂ ਅਰਜਨ ਦੇ ਜੀ ਨੇ ਇਹ ਸ਼ਬਦ ਉਚਾਰਿਆ।

ਗੂਜਰੀ ਮਹਲਾ ੫ ॥ ਚਉਪਦੇ ਘਰੁ ੧ ॥ ੴ ਸਤਿਗੁਰ ਪ੍ਰਸਾਦਿ ॥

ਕਾਹੇ ਰੇ ਮਨ ਚਿਤਵਹਿ ਉਦਮੁ ,ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ, ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥ ਮੇਰੇ ਮਾਧਉ ਜੀ, ਸਤਸੰਗਤਿ ਮਿਲੇ ਸਿ ਤਰਿਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ, ਸੂਕੇ ਕਾਸਟ ਹਰਿਆ ॥੧॥ ਰਹਾਉ ॥ ਜਨਨਿ ਪਿਤਾ ਲੋਕ ਸੁਤ ਬਨਿਤਾ, ਕੋਇ ਨ ਕਿਸ ਕੀ ਧਰਿਆ ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ,ਕਾਹੇ ਮਨ ਭਉ ਕਰਿਆ ॥੨॥ ਊਡੈ ਊਡਿ ਆਵੈ ਸੈ ਕੋਸਾ, ਤਿਸੁ ਪਾਛੈ ਬਚਰੇ ਛਰਿਆ ॥ ਉਨ ਕਵਨੁ ਖਲਾਵੈ ਕਵਨੁ ਚੁਗਾਵੈ, ਮਨ ਮਹਿ ਸਿਮਰਨੁ ਕਰਿਆ ॥੩॥ ਸਭ ਨਿਧਾਨ ਦਸ ਅਸਟ ਸਿਧਾਨ, ਠਾਕੁਰ ਕਰ ਤਲ ਧਰਿਆ ॥ ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ, ਤੇਰਾ ਅੰਤੁ ਨ ਪਾਰਾਵਰਿਆ ॥੪॥੧॥ ਹੇ ਮਨ! ਕਿਸ ਵਾਸਤੇ ਤੂੰ ਉਦਮ ਚਿਤਵਦਾ ਹੈਂ, ਜਦ ਕਿ ਹਰਿ ਜੀ (ਸਾਰੇ ਜੀਵਾਂ ਨੂੰ ਰੋਜੀ ਦੇਣ ਦੇ) ਉਦਮ ਵਿਚ ਪਿਆ ਹੋਇਆ ਹੈ।(ਦੇਖ! ਰੱਬ ਨੇ) ਪਹਾੜਾਂ ਦੇ ਪੱਥਰਾਂ ਵਿਚ ਜੀਵ ਜੰਤ ਪੈਦਾ ਕੀਤੇ ਹਨ, ਉਨ੍ਹਾਂ ਦਾ ਖਾਣਾ (ਪੈਦਾ ਹੋਣ ਤੋਂ) ਅੱਗੋਂ ਹੀ ਬਣਾ ਕੇ ਰੱਖਿਆ ਹੋਇਆ ਹੈ।੧। ਹੇ ਮੇਰੇ ਪ੍ਰਭੂ ਜੀ! (ਜਿਹੜੇ ਮਨੁੱਖ ਤੇਰੀ) ਸਤਸੰਗਤ ਵਿਚ ਮਿਲੇ ਹਨ, ਉਹ (ਸੰਸਾਰ ਸਮੁੰਦਰ ਨੂੰ) ਤਰ ਗਏ ਹਨ।(ਕਿਉਂਕਿ ਉਨ੍ਹਾਂ ਨੇ) ਗੁਰੂ ਦੀ ਕ੍ਰਿਪਾ ਨਾਲ ਪਰਮ ਪਦ ਪ੍ਰਾਪਤ ਕਰ ਲਿਆ ਹੈ, (ਉਨ੍ਹਾਂ ਦਾ ਮਨ ਇਉਂ ਹਰ ਭਰਾ ਹੋ ਗਿਆ, ਜਿਵੇਂ) ਸੁੱਕਾ ਲੱਕੜ ਹਰਾ ਹੋ ਜਾਂਦਾ ਹੈ (ਕਠੋਰ ਮਨ ਸ਼ੁੱਭ ਗੁਣਾਂ ਨਾਲ ਪ੍ਰਫੱਲਿਤ ਹੋ ਗਿਆ ਹੈ)।੧। ਰਹਾਉ।(ਹੇ ਮਨ!) ਮਾਤਾ ਪਿਤਾ, (ਹੋਰ ਸਬੰਧੀ) ਲੋਕ, ਪੁਤ੍ਰ ਤੇ ਪਤਨੀ ਆਦਿ ਕੋਈ ਵੀ ਕਿਸੇ (ਦੀ ਰੋਜੀ) ਦਾ ਆਸਰਾ ਨਹੀਂ ਹੈ। ਮਾਲਕ ਪ੍ਰਭੂ

ਹਰੇਕ ਜੀਵ ਨੂੰ ਖਾਣਾ ਪਹੁੰਚਾ ਰਿਹਾ ਹੈ, ਹੇ ਮਨ! (ਤੂੰ ਖਾਣੇ ਲਈ) ਕਿਉਂ ਭੈ ਕਰਦਾ ਹੈ? (ਕਿ ਮੈਨੂੰ ਖਾਣਾ ਨਹੀਂ ਮਿਲੇਗਾ।੨।ਹੇ ਮਨ! ਕੂੰਜ) ਉਡ ਉਡ ਕੇ ਸੈਂਕੜੇ ਕੋਹਾਂ ਚਲੀ ਆਉਂਦੀ ਹੈ, ਉਸ ਨੇ ਅਪਣੇ ਬੱਚਿਆਂ ਨੂੰ ਪਿੱਛੇ ਇਕੱਲੇ ਛੱਡਿਆ ਹੁੰਦਾ ਹੈ।(ਹੁਣ ਦੱਸੋ) ਉਨ੍ਹਾਂ ਬੱਚਿਆਂ ਨੂੰ (ਮਾਂ ਵਾਂਗ) ਕੌਣ ਖੁਆਉਂਦਾ ਹੈ ਤੇ (ਚਿੜੀ ਜਾਂ ਕੁਕੜੀ ਵਾਂਗ) ਕੌਣ ਚੋਗਾ ਚੁਗਾਉਂਦਾ ਹੈ? (ਕੂੰਜ ਮਨ ਵਿਚ ਅਪਣੇ ਬਚਿਆਂ ਨੂੰ) ਯਾਦ ਕਰਦੀ ਹੈ (ਇਸ ਯਾਦ ਨਾਲ ਪ੍ਰਭੂ ਦੀ ਸ਼ਕਤੀ ਕਰਕੇ ਬੱਚਿਆਂ ਦੀ ਪਾਲਣਾ ਹੁੰਦੀ ਰਹਿੰਦੀ ਹੈ)।੩।ਸਾਰੀਆਂ ਨਿਧੀਆਂ ਤੇ ਅਠਾਰਾਂ ਸਿਧੀਆਂ (ਸਾਰੀਆਂ ਕਰਾਮਾਤੀ ਤਾਕਤਾਂ) ਮਾਲਕ ਪ੍ਰਭੂ ਦੇ ਹੱਥ ਦੀ ਤਲੀ ਤੇ ਧਰੀਆਂ ਹੋਈਆਂ ਹਨ (ਤਾਂ ਕਿ ਜਦ ਕੋਈ ਮੰਗੇ ਤਾਂ ਦੇਂਦਿਆਂ ਦੇਰ ਨਾ ਲੱਗੇ)।ਦਾਸ ਨਾਨਕ ਆਖਦਾ ਹੈ ਕਿ ਪ੍ਰਭੂ ਤੋਂ ਸਦਾ ਮਨ ਤੇ ਤਨ ਕਰਕੇ ਬਲਿਹਾਰ ਜਾਣਾ ਚਾਹੀਦਾ ਹੈ, (ਅਤੇ ਇਉਂ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ!) ਤੇਰੇ ਉਰਾਰ ਤੇ ਪਾਰ ਦਾ ਅੰਤ ਨਹੀਂ (ਤੂੰ ਬੇਅੰਤ ਹੈਂ)।੪।੧।

ਨੋਟ = ਇਹ ਸ਼ਬਦ ਅੰਗ ੧੦ ਤੇ ਵੀ ਆਇਆ ਹੈ, ਅਰਥ ਤੇ ਪ੍ਰਮਾਣ ਉਥੇ ਵੀ ਪੜ੍ਹੇ ਜਾ ਸਕਦੇ ਹਨ।

ਪਦਾਰਥ = ਕਾਹੇ–ਕਿਸ ਵਸਤੇ; ਕਿਉਂ।ਰੇ ਮਨ–ਹੇ ਮਨ!।ਚਿਤਵਹਿ–ਤੂੰ ਸੋਚਦਾ ਹੈਂ।ਜਾ–ਜਦ; ਜਿਸ।ਆਹਰਿ–ਉਦਮ (ਇੰਤਜਾਮ) ਵਿਚ।ਪਰਿਆ–ਪਿਆ ਹੈ।ਸੈਲ ਪਥਰ ਮਹਿ–ਪਹਾੜਾਂ ਦੇ ਪੱਥਰਾਂ ਵਿਚ; ਚਟਾਨਾਂ ਵਿਚ।ਜੰਤ–ਜੀਵ।ਉਪਾਏ–ਪੈਦਾ ਕੀਤੇ ਹਨ।ਤਾ ਕਾ–ਉਨ੍ਹਾਂ ਦਾ।ਰਿਜਕੁ–ਖਾਣਾ।ਆਗੈ–ਪਹਿਲਾਂ ਹੀ।ਕਰਿ ਧਰਿਆ–ਬਣਾ ਕੇ ਰੱਖਿਆ ਹੈ।੧।ਮਾਧਉ–ਮਾਇਆ ਪਤੀ ਪ੍ਰਭੂ।ਸਿ–ਉਹ।ਪਰਮ ਪਦੁ–ਸਭ ਤੋਂ ਉਚੀ ਆਤਮਕ ਅਵਸਥਾ।ਕਾਸਟ–ਲੱਕੜ।ਹਰਿਆ–ਹਰਾ; ਪ੍ਰਫੁੱਲਿਤ।੧।ਰਹਾਉ।ਜਨਨਿ–ਮਾਂ।ਸੁਤ–ਪੁਤ੍ਰ।ਬਨਿਤਾ–ਪਤਨੀ।ਧਰਿਆ–ਆਸਰਾ।ਸਿਰਿ ਸਿਰਿ–ਹਰੇਕ ਜੀਵ ਨੂੰ।ਸੰਬਾਹੇ–ਪਹੁੰਚਾਉਂਦਾ ਹੈ।ਮਨ–ਹੇ ਮਨ!।੨।ਊਡੈ ਊਡਿ–ਲਗਾਤਾਰ ਉਡ ਕੇ।ਸੈ–ਸੈਂਕੜੇ।ਕੋਸਾ–ਕੋਹ (ਮ.ਕੋ. ਅਨੁਸਾਰ ੪ ਹਜਾਰ ਗਜ ਦਾ ਇਕ ਕੋਹ ਪੁਰਾਣੇ ਜਮਾਨੇ ਵਿਚ ਹੁੰਦਾ ਸੀ)।ਪਾਛੈ–ਪਿੱਛੇ।ਛਰਿਆ–ਛੱਡਿਆ ਹੈ।ਉਨ–ਉਨ੍ਹਾਂ ਨੂੰ।ਕਵਨ–ਕੌਣ।ਖਲਾਵੈ–ਖੁਆਉਂਦਾ ਹੈ।ਚੁਗਾਵੈ–ਚੋਗ ਚੁਗਾਉਂਦਾ ਹੈ।ਸਿਮਰਨੁ–ਯਾਦ।੩।ਸਭ ਨਿਧਾਨ–ਸਾਰੀਆਂ ਨਿਧੀਆਂ; ਸਾਰੇ ਖਜਾਨੇ।ਦਸ ਅਸਟ–ਅਠਾਰਾਂ।ਸਿਧਾਨ–ਸਿੱਧੀਆਂ (ਕਰਾਮਾਤੀ ਸ਼ਕਤੀਆਂ)।ਕਰ ਤਲ–ਹੱਥਾਂ ਦੀਆਂ ਤਲੀਆਂ ਤੇ।ਬਲਿ–ਕੁਰਬਾਨ।ਸਦ–ਸਦਾ।ਪਾਰਾਵਰਿਆ–ਪਾਰਲਾ ਤੇ ਉਰਲਾ ਕੰਢਾ।੪।੧।

ਗੂਜਰੀ ਮਹਲਾ ੫ ਚਉਪਦੇ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥ ਕਿਰਿਆਚਾਰ ਕਰਹਿ ਖਟੁ ਕਰਮਾ, ਇਤੁ ਰਾਤੇ ਸੰਸਾਰੀ ॥ ਅੰਤਰਿ ਮੈਲੁ ਨ ਉਤਰੈ ਹਉਮੈ, ਬਿਨੁ ਗੁਰ ਬਾਜੀ ਹਾਰੀ ॥੧॥ ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥ ਕੋਟਿ ਮਧੇ ਕੋ ਵਿਰਲਾ ਸੇਵਕੁ ,ਹੋਰਿ ਸਗਲੇ ਬਿਉਹਾਰੀ ॥੧॥ਰਹਾਉ॥ ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ, ਸਭ ਏਕਾ ਬਾਤ ਪੁਕਾਰੀ ॥ ਬਿਨੁ ਗੁਰ ਮੁਕਤਿ ਨ ਕੋਊ ਪਾਵੈ, ਮਨਿ ਵੇਖਹੁ ਕਰਿ ਬੀਚਾਰੀ ॥੨॥ ਅਠਸਠਿ ਮਜਨੁ ਕਰਿ ਇਸਨਾਨਾ, ਭ੍ਰਮਿ ਆਏ ਧਰ ਸਾਰੀ ॥ ਅਨਿਕ ਸੋਚ ਕਰਹਿ ਦਿਨ ਰਾਤੀ, ਬਿਨੁ ਸਤਿਗੁਰ ਅੰਧਿਆਰੀ ॥੩॥ ਧਾਵਤ ਧਾਵਤ ਸਭੁ ਜਗੁ ਧਾਇਓ, ਅਬ ਆਏ ਹਰਿ ਦੁਆਰੀ ॥ ਦੁਰਮਤਿ ਮੇਟਿ ਬੁਧਿ ਪਰਗਾਸੀ, ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥ (ਹੇ ਭਾਈ! ਜੋ ਮਨੁੱਖ) ਕਰਮ ਕਾਂਡ (ਪੂਜਾ, ਤਿਲਕ, ਤੀਰਥ ਯਾਤਰਾ ਆਦਿ) ਵਾਲੀ ਰਹਿਣੀ ਰਖਦੇ ਹਨ ਤੇ ਸ਼ਾਸਤ੍ਰ ਦੇ ਦੱਸੇ ਛੇ ਤਰ੍ਹਾਂ ਦੇ ਕਰਮ ਕਰਦੇ ਹਨ, ਅਜੇਹੇ ਸੰਸਾਰੀ ਲੋਕ ਇਸੇ ਕਰਮ ਕਾਂਡ ਵਿਚ ਰਚੇ ਹੋਏ ਹਨ। (ਇਨ੍ਹਾਂ ਕਰਮਾਂ ਦੇ ਕਰਨ ਨਾਲ) ਮਨ ਦੇ ਅੰਦਰ ਦੀ ਹਉਮੈ ਦੀ ਮੈਲ ਨਹੀਂ ਉਤਰਦੀ, ਗੁਰੂ (ਦਾ ਉਪਦੇਸ਼ ਲਏ) ਤੋਂ ਬਿਨਾ (ਉਨ੍ਹਾਂ ਨੇ ਅਪਣੇ ਮਨੁੱਖਾ ਜੀਵਨ ਦੀ) ਬਾਜੀ ਹਾਰ ਦਿਤੀ ਹੈ (ਕਿਉਂਕਿ ਗੁਰੂ ਦੀ ਸੇਵਾ ਕੀਤੇ ਬਿਨਾ ਹਉਮੈ ਮੁੱਕਦੀ ਨਹੀਂ)।੧।ਹੇ ਮੇਰੇ ਪ੍ਰਭੂ! ਕ੍ਰਿਪਾ ਕਰ ਕੇ (ਮੈਨੂੰ ਇਨ੍ਹਾਂ ਕਰਮ ਕਾਂਡਾਂ ਤੋਂ) ਬਚਾ ਲਵੋ।(ਹੇ ਪ੍ਰਭੂ! ਤੇਰੇ ਨਾਲ ਜੁੜਨ ਵਾਲਾ) ਸੇਵਕ ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਹੈ, ਹੋਰ ਸਾਰੇ ਵਿਹਾਰੀ ਹਨ (ਜੋ ਅਪਣੀ ਗਰਜ ਲਈ ਧਰਮ ਕਰਮ ਕਰਦੇ ਹਨ)।੧।ਰਹਾਉ।ਸਾਰੇ ਸ਼ਾਸਤ੍ਰ, ਵੇਦ ਤੇ ਸਿਮ੍ਰਤੀਆਂ ਆਦਿ ਗ੍ਰੰਥ ਖੋਜ ਦੇਖੇ ਹਨ, ਸਭ ਇਕੋ ਗੱਲ ਪੁਕਾਰ ਕੇ ਦਸਦੇ ਹਨ।ਕਿ ਗੁਰੂ ਤੋਂ ਬਿਨਾ ਕੋਈ ਵੀ ਮਨੁੱਖ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ, (ਹੇ ਲੋਕੋ! ਤੁਸੀਂ ਵੀ ਇਹ ਗੱਲ) ਮਨ ਵਿਚ ਵਿਚਾਰ ਕਰਕੇ ਦੇਖ ਲਵੋ।੨।(ਜੋ ਲੋਕ) ਅਠਾਹਟ ਤੀਰਥਾਂ ਤੇ ਗੋਤਾ ਮਾਰ ਕੇ ਇਸ਼ਨਾਨ ਕਰ ਆਏ ਅਤੇ ਸਾਰੀ ਧਰਤੀ ਤੇ ਫਿਰ ਆਏ ਹਨ।ਅਤੇ ਅਨੇਕਾਂ ਤਰ੍ਹਾਂ ਦੀ ਸੁੱਚਮ ਦਿਨ ਰਾਤ ਕਰਦੇ ਹਨ, ਪਰ ਸਤਿਗੁਰੂ (ਦੇ ਉਪਦੇਸ਼) ਤੋਂ ਬਿਨਾ ਅਗਿਆਨ ਦਾ ਹਨ੍ਹੇਰਾ ਹੀ ਰਹਿੰਦਾ ਹੈ।੩।(ਅਜੇਹੇ ਲੋਕਾਂ ਨੇ) ਘੁੰਮਦਿਆਂ ਫਿਰਦਿਆਂ ਸਾਰਾ ਜਗਤ ਫਿਰ ਲਿਆ ਹੈ, (ਜਿਹੜੇ ਇਨ੍ਹਾਂ ਵਿਚੋਂ) ਹੁਣ ਹਰੀ ਦੇ ਦੁਆਰ ਤੇ ਆ ਪਏ ਹਨ।ਦਾਸ ਨਾਨਕ ਆਖਦਾ ਹੈ ਕਿ (ਹਰੀ ਨੇ ਉਨ੍ਹਾਂ ਦੀ) ਖੋਟੀ ਬੁੱਧੀ ਮੇਟ ਕੇ ਸ੍ਰੇਸਟ ਬੁੱਧੀ ਪ੍ਰਕਾਸ਼ ਕਰ ਦਿਤੀ ਹੈ ਅਤੇ ਗੁਰੂ ਦੁਆਰਾ (ਉਨ੍ਹਾਂ ਨੂੰ ਸੰਸਾਰ ਸਮੁੰਦਰ ਤੋਂ) ਤਾਰ ਦਿਤਾ ਹੈ।੪।੧।੨।

ਪਦਾਰਥ = ਕਿਰਿਆਚਾਰ–ਕਰਮ ਕਾਂਡ ਵਾਲੀ ਰਹਿਣੀ; ਧਰਮ ਕਰਮ ਕਰਨਾ।ਕਰਹ–ਕਰਦੇ ਹਨ।ਖਟੁ ਕਰਮਾ–ਸ਼ਾਸਤ੍ਰ ਦੇ ਦੱਸੇ ਛੇ ਕਰਮ (ਇਸ਼ਨਾਨ, ਦੇਵ ਪੂਜਾ, ਸੰਧਿਆ, ਜਪ, ਹਵਨ ਤੇ ਵੇਦ ਪਾਠ)।ਇਤੁ–ਇਸ ਵਿਚ।ਰਾਤੇ–ਰਚੇ (ਲੱਗੇ) ਹੋਏ ਹਨ; ਪ੍ਰੀਤਵਾਨ। ਸੰਸਾਰੀ–ਸੰਸਾਰੀ ਲੋਕ।ਅੰਤਰਿ–ਮਨ ਦੇ ਅੰਦਰ ਦੀ।ਬਾਜੀ–ਮਨੁੱਖਾ ਜਨਮ ਦੀ ਖੇਲ।੧।ਧਾਰੀ–ਧਾਰ (ਕਰ) ਕੇ।ਕੋਟਿ ਮਧੇ–ਕ੍ਰੋੜਾਂ ਵਿਚੋਂ।ਸਗਲੇ–ਸਾਰੇ।ਬਿਉਹਾਰੀ–ਸੌਦੇਬਾਜ (ਵਪਾਰੀ)।੧।ਰਹਾਉ।ਸਾਸਤ–ਛੇ ਸ਼ਾਸਤ੍ਰ।ਬੇਦ–ਚਾਰ ਵੇਦ।ਸਿਮ੍ਰਿਤਿ–੨੭ ਸਿਮ੍ਰਤੀਆਂ। ਸੋਧੇ–ਖੋਜੇ ਹਨ; ਪੜਤਾਲ ਕੀਤੀ; ਵਿਚਾਰੇ ਹਨ।ਏਕਾ ਬਾਤ–ਇਕੋ ਗੱਲ।ਪੁਕਾਰੀ–ਪੁਕਾਰ ਕੇ ਦਸਦੇ ਹਨ।ਕੋਊ–ਕੋਈ ਵੀ।ਮਨਿ–

ਮਨ ਵਿਚ। ਕਰਿ ਬਿਚਾਰੀ–ਵਿਚਾਰ ਕਰਕੇ।੨। ਅਠਸਠਿ–ਅਠਾਹਠ ਤੀਰਥਾਂ ਦਾ। ਮਜਨੁ ਇਸਨਾਨਾ–ਗੋਤਾ ਮਾਰ ਕੇ ਇਸ਼ਨਾਨ ਕਰਨਾ। ਭ੍ਰਮਿ ਆਏ–ਘੁੰਮ ਫਿਰ ਆਏ ਹਨ। ਧਰ ਸਾਰੀ–ਸਾਰੀ ਧਰਤੀ ਤੇ। ਅਨਿਕ–ਅਨੇਕਾਂ ਤਰ੍ਹਾਂ ਦੀ। ਸੋਚ–ਸੁੱਚਮ। ਕਰਹਿ–ਕਰਦੇ ਹਨ। ਅੰਧਿਆਰੀ–ਅਗਿਆਨ ਦਾ ਹਨ੍ਹੇਰਾ।੩। ਧਾਵਤ ਧਾਵਤ–ਭੱਜਦੇ ਫਿਰਦਿਆਂ; ਭਟਕਦਿਆਂ। ਧਾਇਓ–ਦੌੜੇ ਫਿਰੇ ਹਨ। ਅਬ–ਹੁਣ। ਹਰਿ ਦੁਆਰੀ–ਹਰੀ ਦੇ ਦਰ ਤੇ। ਦੁਰਮਤਿ–ਖੋਟੀ ਬੁੱਧੀ। ਪਰਗਾਸੀ–ਪ੍ਰਕਾਸ਼ ਕਰ ਦਿਤੀ। ਤਾਰੀ–ਤਾਰ ਦਿਤਾ।੪।੧।੨।

ਉਥਾਨਕਾ = ਗੁਰਿਆਈ ਮਿਲਣ ਤੇ ਜਦ ਗੁਰੂ ਅਰਜਨ ਦੇਵ ਜੀ ਅਪਣੀ ਮਾਤਾ ਜੀ ਕੋਲ ਹਾਜਰ ਹੋਏ ਤਾਂ ਮਾਤਾ ਜੀ ਨੇ ਪੁਛਿਆ ਕਿ ਕੀ ਲੈ ਕੇ ਆਏ ਹੋ? ਉਸ ਸਮੇਂ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ, ਇਸ ਵਿਚ ਹਰੀ ਦੇ ਨਾਮ ਨੂੰ ਸਾਰੇ ਜਪਾਂ ਤਪਾਂ ਤੇ ਹੋਰ ਧਾਰਮਕ ਸਾਧਨਾਂ ਤੋਂ ਉਚਾ ਦਸਿਆ ਹੈ {ਪ੍ਰਭ ਕਾ ਸਿਮਰਨੁ ਸਭ ਤੇ ਊਚਾ ੨੬੩}।

ਗੂਜਰੀ ਮਹਲਾ ੫ ॥ ਹਰਿ ਧਨੁ ਜਾਪ ਹਰਿ ਧਨੁ ਤਾਪ, ਹਰਿ ਧਨੁ ਭੋਜਨੁ ਭਾਇਆ ॥ ਨਿਮਖ ਨ ਬਿਸਰਉ ਮਨ ਤੇ ਹਰਿ ਹਰਿ, ਸਾਧ ਸੰਗਤਿ ਮਹਿ ਪਾਇਆ ॥੧॥ ਮਾਈ ਖਾਟਿ ਆਇਓ ਘਰਿ ਪੂਤਾ ॥ ਹਰਿ ਧਨੁ ਚਲਤੇ ਹਰਿ ਧਨੁ ਬੈਸੇ, ਹਰਿ ਧਨੁ ਜਾਗਤ ਸੂਤਾ ॥੧॥ ਰਹਾਉ॥ ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ,ਹਰਿ ਸੰਗਿ ਲਾਇ ਧਿਆਨਾ ॥ ਹਰਿ ਧਨੁ ਤੁਲਹਾ ਹਰਿ ਧਨੁ ਬੇੜੀ, ਹਰਿ ਹਰਿ ਤਾਰਿ ਪਰਾਨਾ ॥੨॥ ਹਰਿ ਧਨ ਮੇਰੀ ਚਿੰਤ ਵਿਸਾਰੀ, ਹਰਿ ਧਨਿ ਲਾਹਿਆ ਧੋਖਾ ॥ ਹਰਿ ਧਨ ਤੇ ਮੈ ਨਵ ਨਿਧਿ ਪਾਈ, ਹਾਥਿ ਚਰਿਓ ਹਰਿ ਥੋਕਾ ॥੩॥ ਹਰੀ ਦਾ ਨਾਮ ਧਨ ਹੀ ਮੇਰਾ ਜਪ ਹੈ, ਹਰੀ ਦਾ ਨਾਮ ਧਨ ਹੀ ਮੇਰੀ ਤਪੱਸਿਆ ਹੈ ਅਤੇ ਹਰੀ ਦਾ ਨਾਮ ਧਨ ਰੂਪ ਭੋਜਨ ਮੈਨੂੰ ਚੰਗਾ ਲਗਾ ਹੈ; ਮੇਰਾ ਮਨ ਭਾਉਂਦਾ ਭੋਜਨ ਹੈ। ਮੈਂ ਨਿਮਖ ਮਾਤ੍ਰ ਸਮੇਂ ਲਈ ਵੀ ਹਰਿ ਹਰਿ ਨਾਮ ਮਨ ਤੋਂ ਨਹੀਂ ਭੁਲਾਉਂਦਾ, (ਮੈਂ ਇਹ ਨਾਮ ਧਨ) ਸਾਧ ਸੰਗਤ ਵਿਚੋਂ ਪ੍ਰਾਪਤ ਕੀਤਾ ਹੈ।੧। ਹੇ ਮਾਤਾ! (ਤੇਰਾ) ਪੁਤ੍ਰ (ਨਾਮ ਧਨ ਦੀ ਖੱਟੀ) ਖਟ ਕੇ ਘਰ ਆਇਆ ਹੈ। ਹਰੀ ਦਾ ਨਾਮ ਧਨ ਚਲਦੇ ਹੋਏ, ਹਰੀ ਦਾ ਨਾਮ ਧਨ ਬੈਠੇ ਹੋਏ, ਹਰੀ ਦਾ ਨਾਮ ਧਨ ਜਾਗਦਿਆਂ ਤੇ ਸੁੱਤੇ ਹੋਏ (ਸਦਾ ਮੇਰੇ) ਮਨ ਵਿਚ ਰਹਿੰਦਾ ਹੈ (ਕਦੇ ਵੀ ਭੁਲਦਾ ਨਹੀਂ)।੧। ਰਹਾਉ। ਹਰੀ ਦਾ ਨਾਮ ਧਨ ਹੀ ਮੇਰਾ ਤੀਰਥ ਇਸ਼ਨਾਨ ਹੈ, ਹਰੀ ਦਾ ਨਾਮ ਹੀ ਮੇਰਾ ਗਿਆਨ ਹੈ, ਜਿਸ ਹਰੀ ਦੇ ਨਾਲ ਮੈਂ ਧਿਆਨ ਲਾਈ ਰਖਦਾ ਹਾਂ। (ਸੰਕਲਪ ਵਿਕਲਪ ਰੂਪ ਨਾਲਿਆਂ ਤੋਂ ਪਾਰ ਹੋਣ ਲਈ) ਹਰੀ ਦਾ ਨਾਮ ਧਨ ਤੁਲਹਾ ਹੈ ਤੇ ਹਰੀ ਦਾ ਨਾਮ ਹੀ ਆਸਾ ਤ੍ਰਿਸ਼ਨਾ ਰੂਪ ਨਦੀ ਨੂੰ ਪਾਰਨ ਕਰਨ ਵਾਸਤੇ ਬੇੜੀ ਹੈ ਅਤੇ ਹਰਿ ਹਰਿ ਨਾਮ ਹੀ (ਸੰਸਾਰ ਸਾਗਰ ਤੋਂ) ਤਾਰ ਕੇ ਪਾਰ ਕਰਨ ਵਾਲਾ ਜਹਾਜ ਹੈ।੨। ਹਰੀ ਦੇ ਨਾਮ ਧਨ ਨੇ ਮੇਰੀ ਚਿੰਤਾ ਦੂਰ ਕਰ ਦਿਤੀ ਹੈ ਅਤੇ ਹਰੀ ਦੇ ਨਾਮ ਧਨ ਨੇ (ਮੇਰੇ ਮਨ ਦਾ) ਧੋਖਾ ਲਾਹ ਦਿਤਾ ਹੈ। ਹਰੀ ਦੇ ਧਨ ਤੋਂ ਮੈਂ ਨੌਂ ਨਿਧੀਆਂ ਪਾ ਲਈਆਂ ਹਨ ਅਤੇ ਹਰੀ ਦਾ ਨਾਮ ਪਦਾਰਥ ਮੇਰੇ ਮਨ ਰੂਪ ਹੱਥ ਚੜ੍ਹ ਆਇਆ (ਮੈਨੂੰ ਪ੍ਰਾਪਤ ਹੋ ਗਿਆ) ਹੈ।੩।

ਅੰਗ ੪੯੬ = ਖਾਵਹੁ ਖਰਚਹੁ ਤੋਟਿ ਨ ਆਵੈ, ਹਲਤ ਪਲਤ ਕੈ ਸੰਗੇ ॥ ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ, ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥ ਅੰਨਵੇਂ ਅੱਖਰ (ਹੇ ਮਾਤਾ ਜੀ! ਇਸ ਨਾਮ ਧਨ ਦਾ) ਖਜਾਨਾ ਹਿਰਦੇ ਰੂਪ ਗੱਡੇ ਵਿਚ ਲੱਦ ਕੇ ਗੁਰੂ (ਰਾਮਦਾਸ ਜੀ ਨੇ ਮੈਨੂੰ) ਨਾਨਕ ਨੂੰ ਦੇ ਦਿਤਾ, ਤੇ ਹੁਕਮ ਕੀਤਾ ਕਿ ਤੁਸੀਂ ਇਸ ਨਾਮ ਧਨ ਨੂੰ) ਖਾਵੋ (ਆਪ ਜਪੋ) ਅਤੇ ਖਰਚੋ (ਹੋਰਨਾਂ ਨੂੰ ਵਰਤਾਓ ਭਾਵ ਜਪਾਓ, ਇਸ ਧਨ ਵਿਚ) ਘਾਟਾ ਨਹੀਂ ਆਉਂਦਾ, (ਇਹ ਧਨ ਇਸ) ਲੋਕ ਦੇ ਵਿਚ ਵੀ ਨਾਲ ਰਹਿੰਦਾ ਹੈ ਅਤੇ ਪ੍ਰਲੋਕ ਦੇ ਵਿਚ ਵੀ ਨਾਲ ਰਹਿੰਦਾ ਹੈ। (ਨਾਮ ਧਨ ਕਰਕੇ ਮੇਰਾ) ਇਹ ਮਨ ਹਰੀ ਦੇ ਪ੍ਰੇਮ ਰੰਗ ਵਿਚ ਰੰਗਿਆ ਗਿਆ ਹੈ।੪।੨।੩।

ਪਦਾਰਥ = ਜਾਪ–ਮੰਤ੍ਰਾਂ ਦਾ ਜਾਪ। ਤਾਪ–ਤਪੱਸਿਆ। ਭਾਇਆ–ਚੰਗਾ ਲੱਗਾ ਹੈ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਨ ਬਿਸਰਉ–ਮੈਂ ਨਹੀਂ ਭੁਲਾਉਂਦਾ।੧। ਮਾਈ–ਮੇ ਮਾਤਾ ਜੀ!। ਖਾਟਿ–ਖੱਟ (ਕਮਾ) ਕੇ। ਪੂਤਾ–ਪੁਤ੍ਰ। ਚਲਤੇ–ਚਲਦੇ ਹੋਏ। ਬੈਸੇ–ਬੈਠੇ ਹੋਏ। ਸੂਤਾ–ਸੁੱਤਿਆਂ। ਜਾਗਤ–ਜਾਗਦਿਆਂ।੧। ਰਹਾਉ। ਹਰਿ ਸੰਗਿ–ਹਰੀ ਦੇ ਨਾਲ। ਤੁਲਹਾ–ਨਦੀ ਪਾਰ ਕਰਨ ਲਈ ਲੱਕੜਾਂ ਬੰਨ੍ਹ ਕੇ ਬਣਾਇਆ ਬੇੜਾ। ਤਾਰਿ–ਤਾਰ ਕੇ। ਪਰਾਨਾ–ਪਾਰ ਕਰਨ ਵਾਲਾ; ਜਹਾਜ।੨। ਚਿੰਤ–ਚਿੰਤਾ ਫਿਕਰ। ਵਿਸਾਰੀ–ਭੁਲਾ (ਦੂਰ ਕਰ) ਦਿਤੀ। ਧਨਿ–ਧਨ ਨੇ। ਲਾਹਿਆ–ਲਾਹ (ਦੂਰ ਕਰ) ਦਿਤਾ। ਧੋਖਾ–ਮਿਥਿਆ ਗਿਆਨ (ਅਗਿਆਨ); ਭਰਮ; ਭੁਲੇਖਾ। ਤੇ–ਤੋਂ। ਨਵ ਨਿਧਿ–ਨੌਂ ਨਿਧੀਆਂ (ਸਾਰੇ ਖਜਾਨੇ)। ਹਾਥਿ ਚਰਿਓ–ਹੱਥ ਵਿਚ ਆ (ਪ੍ਰਾਪਤ ਹੋ) ਗਿਆ। ਥੋਕਾ–ਪਦਾਰਥ।੩। ਤੋਟਿ–ਘਾਟਾ। ਹਲਤ–ਇਹ ਲੋਕ। ਪਲਤ–ਪ੍ਰਲੋਕ। ਲਾਦਿ–ਲੱਦ ਕੇ ਗੁਰਿ–ਗੁਰੂ ਨੇ। ਕਉ–ਨੂੰ। ਰੰਗਿ ਰੰਗੇ–ਰੰਗ ਵਿਚ ਰੰਗਿਆ ਗਿਆ।੪।੨।੩।

ਉਥਾਨਕਾ = ਗੁਰੂ ਰਾਮਦਾਸ ਜੀ ਨੇ ਅਪਣੇ ਚਚੇਰਾ ਭਰਾ ਦੇ ਪੁਤ੍ਰ ਦੀ ਸ਼ਾਦੀ ਸਮੇਂ (ਗੁਰੂ) ਅਰਜਨ ਦੇਵ ਜੀ ਨੂੰ ਲਹੌਰ ਭੇਜਿਆ। ਜਾਣ ਸਮੇਂ ਮਾਤਾ ਭਾਨੀ ਜੀ ਨੇ ਜੋ ਅਸੀਸ ਦਿਤੀ, ਕਈਆਂ ਨੇ ਲਿਖਿਆ ਹੈ ਕਿ ਗੁਰਿਆਈ ਗੱਦੀ ਮਿਲਣ ਤੋਂ ਬਾਦ ਜਦ ਗੁਰੂ ਅਰਜਨ ਦੇਵ ਜੀ ਮਾਤਾ ਜੀ ਦੇ ਪਾਸ ਹਾਜਰ ਹੋਏ ਤਾਂ ਉਸ ਸਮੇਂ ਜੋ ਅਸੀਸ ਦਿਤੀ, ਉਹ ਇਸ ਸ਼ਬਦ ਵਿਚ ਬਿਆਨ ਕੀਤੀ ਹੈ।

ਗੂਜਰੀ ਮਹਲਾ ੫ ॥ ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ, ਪਿਤਰੀ ਹੋਇ ਉਧਾਰੋ ॥ ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ,ਜਾ ਕਾ ਅੰਤੁ ਨ ਪਾਰੋ ॥੧॥ ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ, ਸਦਾ ਭਜਹੁ ਜਗਦੀਸ ॥੧॥ਰਹਾਉ॥ ਸਤਿਗੁਰੁ ਤੁਮ੍ ਕਉ ਹੋਇ ਦਇਆਲਾ, ਸੰਤ ਸੰਗਿ ਤੇਰੀ ਪ੍ਰੀਤਿ ॥ ਕਾਪੜੁ ਪਤਿ ਪਰਮੇਸਰੁ ਰਾਖੀ, ਭੋਜਨੁ ਕੀਰਤਨੁ ਨੀਤਿ ॥੨॥

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ,ਹਰਿ ਸਿਮਰਤ ਅਨਦ ਅਨੰਤਾ ॥ ਰੰਗ ਤਮਾਸਾ ਪੂਰਨ ਆਸਾ, ਕਬਹਿ ਨ ਬਿਆਪੈ ਚਿੰਤਾ ॥੩॥ ਭਵਰੁ ਤੁਮ੍ਹਾਰਾ ਇਹੁ ਮਨੁ ਹੋਵਉ ,ਹਰਿ ਚਰਣਾ ਹੋਹੁ ਕਉਲਾ ॥ ਨਾਨਕ ਦਾਸੁ ਉਨ ਸੰਗਿ ਲਪਟਾਇਓ, ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥੩ ॥੪॥ (ਅਰਥ ਰਹਾਉ ਤੋਂ ਚਲਦਾ ਹੈ) ਹੇ ਪੁਤ੍ਰ! ਮਾਤਾ ਦੀ ਇਹ ਅਸੀਸ ਹੈ ਕਿ ਇਕ ਪਲ ਭਰ ਦੇ ਸਮੇਂ ਲਈ ਵੀ ਤੈਨੂੰ ਵਾਹਿਗੁਰੂ ਦਾ ਨਾਮ ਨਾ ਭੁੱਲੇ ਅਤੇ ਜਗਤ ਦੇ ਮਾਲਕ ਵਾਹਿਗੁਰੂ ਨੂੰ ਤੁਸੀਂ ਸਦਾ ਸਿਮਰਦੇ ਰਹੋ।੧।ਰਹਾਉ।(ਹੇ ਪੁਤ੍ਰ!) ਜਿਸ ਦਾ ਨਾਮ ਸਿਮਰਨ ਨਾਲ ਸਾਰੇ ਪਾਪ ਨਾਸ਼ ਹੋ ਜਾਂਦੇ ਹਨ ਅਤੇ ਪਿਤਰਾਂ ਦਾ ਵੀ ਉਧਾਰ ਹੋ ਜਾਂਦਾ ਹੈ।ਵਾਹਿਗੁਰੂ ਦਾ ਉਹ ਨਾਮ ਤੁਸੀਂ ਸਦਾ ਜਪਦੇ ਰਹੋ, ਜਿਸ ਦੇ ਪਾਰ (ਤੇ ਉਰਾਰ) ਦਾ ਕੋਈ ਅੰਤ ਨਹੀ (ਬੇਅੰਤ ਹੈ)।੧।ਸਤਿਗੁਰੂ ਤੇਰੇ ਉਪਰ ਦਿਆਲੂ ਹੋਵੇ ਅਤੇ ਸੰਤਾਂ ਨਾਲ ਤੇਰੀ ਪ੍ਰੀਤ ਬਣੀ ਰਹੇ।ਵਾਹਿਗੁਰੂ ਤੇਰੀ ਇੱਜਤ ਬਣਾਈ ਰੱਖੇ, ਇਹੋ ਤੇਰਾ ਕੱਪੜਾ ਹੋਵੇ ਅਤੇ ਨਿਤ ਕੀਰਤਨ ਕਰਨਾ ਤੇਰਾ ਭੋਜਨ ਹੋਵੇ।੨। (ਨਾਮ ਰੂਪ) ਅੰਮ੍ਰਿਤ ਸਦਾ ਪੀਂਦੇ ਰਹੋ, ਚਿਰ ਤਕ ਜਿਉਂਦੇ ਰਹੋ (ਵੱਡੀ ਉਮਰ ਵਾਲੇ ਹੋਵੋ) ਅਤੇ ਹਰੀ ਦਾ ਸਿਮਰਨ ਕਰਦਿਆਂ ਬੇਅੰਤ ਅਨੰਦ ਪ੍ਰਾਪਤ ਹੋਵੇ।(ਤੇਰੀਆਂ) ਆਸਾਂ ਪੂਰਨ ਹੋਣ, ਖੁਸ਼ੀਆਂ ਤੇ ਖੇਡਾਂ ਇਹ ਹੋਣ ਅਤੇ ਕਦੇ ਵੀ ਚਿੰਤਾ ਨਾ ਵਾਪਰੇ (ਆਸਾਂ ਪੂਰੀਆਂ ਹੋਣਾ ਤੇ ਨਿਸਚਿੰਤ ਹੋਣਾ ਹੀ ਤੇਰੀਆਂ ਖੇਲ ਤੇ ਖੁਸ਼ੀਆਂ ਹੋਵਣ।੩।ਹੇ ਪੁਤ੍ਰ!) ਤੇਰਾ ਮਨ ਭੌਰਾ ਹੋ ਜਾਵੇ, ਹਰੀ ਦੇ ਚਰਨ (ਤੇਰੇ ਮਨ ਰੂਪ ਭੌਰੇ ਲਈ) ਕਵਲ ਫੁੱਲ ਹੋ ਜਾਣ।(ਮਾਤਾ ਜੀ ਦੀ ਦਿਤੀ ਅਸੀਸ ਦੇ ਕਾਰਣ) ਦਾਸ ਨਾਨਕ ਉਨ੍ਹਾਂ (ਚਰਣਾ ਕਮਲਾਂ) ਨਾਲ ਲਿਪਟਿਆ ਹੋਇਆ (ਇਉਂ ਖੁਸ਼ ਹੋ ਰਿਹਾ) ਹੈ, ਜਿਵੇਂ ਚਾਤ੍ਰਿਕ ਸ੍ਵਾਂਤੀ ਬੂੰਦ ਨੂੰ ਪ੍ਰਾਪਤ ਕਰਕੇ ਪ੍ਰਸੰਨ ਹੁੰਦਾ ਹੈ।੪।੩।੪।

ਪਦਾਰਥ = ਕਿਲਵਿਖ–ਪਾਪ।ਨਾਸਹਿ–ਨਾਸ਼ ਹੋ ਜਾਂਦੇ ਹਨ।ਪਿਤਰੀ–ਮਰ ਚੁਕੇ ਬਜੁਰਗ।ਉਧਾਰੋ–ਸੰਸਾਰ ਸਮੁੰਦਰ ਤੋਂ ਪਾਰ ਉਤਾਰਾ; ਮੁਕਤ।ਸੋ–ਉਹ।ਤੁਮ੍–ਤੁਸੀਂ।ਸਦ ਹੀ–ਸਦਾ ਹੀ।ਜਾ ਕਾ–ਜਿਸ ਦਾ।ਪਾਰੋ–ਪਾਰਲਾ ਕਿਨਾਰਾ।੧।ਪੂਤਾ–ਹੇ ਪੁਤ੍ਰ!।ਅਸੀਸ–ਅਸ਼ੀਰ ਵਾਦ।ਨਿਮਖ–ਅੱਖ ਝਮਕਣ ਦੇ ਸਮੇਂ ਲਈ।ਨ ਬਿਸਰਉ–ਨਾ ਭੁੱਲ ਸਕੇ।ਤੁਮ੍ ਕਉ–ਤੁਹਾਨੂੰ।ਭਜਹੁ–ਜਪਦੇ ਰਹੋ।ਜਗਦੀਸ–ਜਗਤ ਦਾ ਮਾਲਕ।੧।ਰਹਾਉ।ਸੰਤ ਸੰਗਿ–ਸੰਤਾਂ ਨਾਲ।ਕਾਪੜੁ–ਕਪੜਾ; ਸਿਰੋਪਾਉ।ਪਤਿ–ਇੱਜਤ।ਨੀਤਿ–ਹਰ ਰੋਜ।੨।ਚਿਰੁ ਜੀਵਹੁ–ਚਿਰ ਤੱਕ ਜਿਉਂਦੇ ਰਹੋ (ਲੰਬੀ ਉਮਰ ਹੋਵੇ)।ਅਨਦ ਅਨੰਤਾ–ਬੇਅੰਤ ਅਨੰਦ (ਸੁਖ)।ਰੰਗ–ਖੁਸ਼ੀਆਂ।ਤਮਾਸਾ–ਖੇਡ।ਕਬਹਿ–ਕਦੇ ਵੀ।ਨ ਬਿਆਪੈ–ਨਾ ਵਾਪਰੇ।੩।ਭਵਰੁ–ਭੌਰਾ।ਹੋਵਉ–(ਬਿਸਰਉ ਵਾਂਗ ਹੀ) ਹੋ ਜਾਵੇ।ਹੋਹੁ–ਹੋ ਜਾਣ।ਕਉਲਾ–ਕਮਲ ਦਾ ਫੁੱਲ।ਉਨ ਸੰਗਿ–ਉਨ੍ਹਾਂ ਨਾਲ।ਲਪਟਾਇਓ–ਲਿਪਟਿਆ ਹੈ।ਬੂੰਦਹਿ–ਸ੍ਵਾਂਤੀ ਬੂੰਦ ਨੂੰ।ਚਾਤ੍ਰਿਕੁ–ਪਪੀਹਾ।ਮਉਲਾ–ਖੁਸ਼; ਪ੍ਰਫੁਲਿਤ।੪।੩।੪।

ਗੂਜਰੀ ਮਹਲਾ ੫ ॥ ਮਤਾ ਕਰੈ ਪਛਮ ਕੈ ਤਾਈ, ਪੂਰਬ ਹੀ ਲੈ ਜਾਤ ॥ ਖਿਨ ਮਹਿ ਥਾਪਿ ਉਥਾਪਨਹਾਰਾ, ਆਪਨ ਹਾਥਿ ਮਤਾਤ ॥੧॥ ਸਿਆਨਪ ਕਾਹੂ ਕਾਮਿ ਨ ਆਤ ॥ ਜੋ ਅਨਰੂਪਿਓ ਠਾਕੁਰਿ ਮੇਰੈ, ਹੋਇ ਰਹੀ ਉਹ ਬਾਤ ॥੧॥ਰਹਾਉ॥ ਦੇਸੁ ਕਮਾਵਨ ਧਨ ਜੋਰਨ ਕੀ ਮਨਸਾ, ਬੀਚੇ ਨਿਕਸੇ ਸਾਸ ॥ ਲਸਕਰ ਨੇਬ ਖਵਾਸ ਸਭ ਤਿਆਗੇ, ਜਮਪੁਰਿ ਊਠਿ ਸਿਧਾਸ ॥੨॥ ਹੋਇ ਅਨੰਨਿ ਮਨ ਹਠ ਕੀ ਦ੍ਰਿੜਤਾ, ਆਪਸ ਕਉ ਜਾਨਾਤ ॥ ਜੋ ਅਨਿੰਦੁ ਨਿੰਦੁ ਕਰਿ ਛੋਡਿਓ, ਸੋਈ ਫਿਰਿ ਫਿਰਿ ਖਾਤ ॥੩॥ ਸਹਜ ਸੁਭਾਇ ਭਏ ਕਿਰਪਾਲਾ, ਤਿਸੁ ਜਨ ਕੀ ਕਾਟੀ ਫਾਸ ॥ ਕਹੁ ਨਾਨਕ ਗੁਰੁ ਪੂਰਾ ਭੇਟਿਆ, ਪਰਵਾਣੁ ਗਿਰਸਤ ਉਦਾਸ ॥੪॥੪॥੫॥ (ਹੇ ਭਾਈ! ਮਨੁੱਖ) ਪੱਛਮ ਦੇ ਵੱਲ ਜਾਣ ਦੀ ਸਲਾਹ ਕਰਦਾ ਹੈ, (ਪਰ ਪ੍ਰਭੂ ਉਸ ਨੂੰ) ਪੂਰਬ ਵੱਲ ਹੀ ਲੈ ਜਾਂਦਾ ਹੈ।ਪ੍ਰਭੂ ਇਕ ਖਿਨ ਵਿਚ ਬਣਾ ਕੇ ਢਾਹ ਦੇਣ ਵਾਲਾ ਹੈ, ਉਸ ਨੇ ਫੈਸਲੇ ਅਪਣੇ ਹੱਥ ਵਿਚ ਰੱਖੇ ਹੋਏ ਹਨ।੧।(ਹੇ ਭਾਈ! ਮਨੁੱਖ ਦੀ) ਸਿਆਣਪ ਕਿਸੇ ਕੰਮ ਨਹੀਂ ਆਉਂਦੀ।ਜੋ ਗਲ ਮੇਰੇ ਮਾਲਕ ਪ੍ਰਭੂ ਨੇ ਮਿਥ (ਮੁਨਾਸਬ ਕਰਾਰ ਦੇ) ਦਿਤੀ ਹੈ, ਉਹ ਹੋ ਕੇ ਹੀ ਰਹਿੰਦੀ ਹੈ।੧।ਰਹਾਉ।(ਮਨੁੱਖ ਕਿਸੇ) ਦੇਸ਼ ਨੂੰ ਕਮਾਉਣ (ਵਪਾਰ ਕਰਨ ਲਈ ਜਾਂ ਕਬਜਾ ਕਰਨ) ਅਤੇ ਧਨ ਜੋੜਨ ਦੀ ਮਨਸ਼ਾ ਕਰਦਾ ਹੈ, (ਇਸ ਮਨਸਾ) ਵਿਚ ਹੀ (ਉਸ ਦੇ) ਸਾਹ ਨਿਕਲ ਜਾਂਦੇ ਹਨ (ਮਰ ਜਾਂਦਾ ਹੈ।ਅੰਤ ਸਮੇਂ) ਫੌਜਾਂ, ਨਾਇਬ ਅਤੇ ਨੌਕਰ ਆਦਿ ਸਭ ਛਡ ਕੇ ਜਮ ਪੁਰੀ (ਨਰਕਾਂ) ਨੂੰ ਉਠ ਕੇ ਤੁਰ ਜਾਂਦਾ ਹੈ।੨।(ਇਕ ਹੋਰ ਮਨੁੱਖ ਹੈ ਜੋ) ਮਨ ਦੀ ਦ੍ਰਿੜਤਾ ਨਾਲ ਇਕ ਦੇ ਹੀ ਬਣ ਕੇ ਅਪਣੇ ਆਪ ਨੂੰ ਵੱਡਾ ਜਣਾਉਂਦਾ ਹੈ।ਜੋ (ਚੀਜ ਅੰਨ ਆਦਿ) ਨਿੰਦਣ ਯੋਗ ਨਹੀਂ, ਉਸ ਨੂੰ ਬੁਰਾ ਕਹਿ ਕਰਕੇ ਛਡ ਦਿੰਦਾ ਹੈ, (ਅੰਤ ਨੂੰ ਮਜਬੂਰ ਹੋ ਕੇ ਫਿਰ) ਮੁੜ ਮੁੜ ਉਸੇ ਨੂੰ ਖਾਂਦਾ ਹੈ (ਗ੍ਰਹਿਣ ਕਰਦਾ ਹੈ)।੩।ਸਹਜ ਸੁਭਾਵਿਕ ਹੀ (ਨੱਠ ਭੱਜ ਕਰਨ ਤੋਂ ਬਿਨਾ ਹੀ ਜਿਸ ਉਪਰ) ਹਰੀ ਮੇਹਰਵਾਨ ਹੋ ਗਿਆ, ਉਸ ਪੁਰਖ ਦੀ (ਹਰੀ ਨੇ) ਜਮ ਦੀ ਫਾਹੀ ਕੱਟ ਦਿਤੀ (ਮੁਕਤ ਕਰ ਦਿਤਾ)।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੂੰ) ਪੂਰਾ ਗੁਰੂ ਮਿਲ ਗਿਆ ਹੈ, (ਹਰੀ ਨੂੰ) ਪ੍ਰਵਾਨ ਹੈ (ਭਾਵੇਂ ਉਹ) ਗ੍ਰਿਸਤ ਵਿਚ ਰਹਿੰਦਾ ਹੈ, (ਭਾਵੇਂ ਉਹ) ਤਿਆਗੀ ਹੈ।੪।੪।੫।

ਪਦਾਰਥ = ਮਤਾ–ਸਲਾਹ; ਖਿਆਲ; ਇਰਾਦਾ।ਕੈ ਤਾਈ–ਦੇ ਵੱਲ।ਲੈ ਜਾਤ–ਲੈ ਜਾਂਦਾ ਹੈ।ਖਿਨ ਮਹਿ–ਪਲ ਵਿਚ।ਥਾਪਿ–ਬਣਾ ਕੇ। ਉਥਾਪਨਹਾਰਾ–ਨਾਸ਼ ਕਰ ਦੇਣ ਵਾਲਾ।ਹਾਥਿ–ਹੱਥ ਵਿਚ।ਮਤਾਤ–ਫੈਸਲੇ; ਸਲਾਹਾਂ।੧।ਕਾਹੂ–ਕਿਸੇ।ਕਾਮਿ–ਕੰਮ।ਨ ਆਤ–ਨਹੀਂ ਆਉਂਦੀ।ਅਨਰੂਪਿਓ–ਮਿਥ ਦਿਤੀ ਹੈ; ਢੋ ਢੁਕਾਇਆ; ਨੀਯਤ ਕੀਤਾ।ਠਾਕੁਰਿ–ਮਾਲਕ ਪ੍ਰਭੂ ਨੇ।ਹੋਇ ਰਹੀ–(ਜਰੂਰ) ਹੋ ਕੇ ਰਹਿੰਦੀ ਹੈ।ਬਾਤ–ਗੱਲ।੧।ਰਹਾਉ।ਦੇਸੁ ਕਮਾਵਨ–ਦੇਸ਼ ਨੂੰ ਕਮਾਉਣ (ਵਪਾਰ ਜਾਂ ਕਬਜਾ ਕਰਨ) ਲਈ।ਜੋਰਨ ਕੀ–ਜੋੜਨ ਦੀ।ਮਨਸਾ–ਇੱਛਾ।ਬੀਚੇ–ਵਿਚੇ ਹੀ।ਨਿਕਸੇ–ਨਿਕਲ ਜਾਂਦੇ ਹਨ।ਲਸਕਰ–ਫੌਜਾਂ।ਨੇਬ–ਨਾਇਬ (ਵਜੀਰ)।ਖਵਾਸ–(ਨੇੜੇ ਰਹਿਣ ਵਾਲੇ) ਨੌਕਰ

(ਸਲਾਹਕਾਰ ਜਾਂ ਚੋਬਦਾਰ ਆਦਿ)। ਜਮਪੁਰਿ–ਜਮਾਂ ਦੀ ਪੁਰੀ (ਨਰਕ) ਵਿਚ। ਸਿਧਾਸਿ–ਤੁਰ ਜਾਂਦਾ ਹੈ।੨। ਅਨੰਨਿ–ਕੇਵਲ ਇਕ ਦੇ ਬਣ ਕੇ; ਇੱਕ ਪੱਖੀ; ਤਿਆਗੀ। ਮਨ ਹਠ ਕੀ–ਮਨ ਦੇ ਹਠ ਦੀ। ਦ੍ਰਿੜਤਾ–ਪਕਿਆਈ। ਆਪਸ ਕਉ–ਅਪਣੇ ਆਪ ਨੂੰ। ਜਾਨਾਤ–ਵੱਡਾ ਜਣਾਉਂਦਾ ਹੈ। ਅਨਿੰਦੁ–(ਜੋ ਅੰਨ ਆਦਿ ਚੀਜ) ਨਿੰਦਣ ਯੋਗ ਨਹੀਂ। ਨਿੰਦੁ ਕਰਿ–ਨਿਦਣ ਯੋਗ (ਬੁਰੀ ਕਹਿ) ਕਰਕੇ। ਸੋਈ–ਉਹ ਹੀ; ਉਸੇ ਨੂੰ। ਫਿਰਿ ਫਿਰਿ–ਮੁੜ ਮੁੜ। ਖਾਤ–ਖਾਂਦਾ ਹੈ।੩। ਸਹਜ ਸੁਭਾਇ–ਸੁਤੇ ਸਿਧ। ਭਏ–ਹੋ ਗਿਆ। ਤਿਸੁ ਜਨ ਕੀ–ਉਸ ਪੁਰਖ ਦੀ। ਫਾਸ–ਫਾਹੀ। ਭੇਟਿਆ–ਮਿਲ ਗਿਆ। ਗਿਰਸਤ–ਗ੍ਰਿਸਤ। ਉਦਾਸ–ਤਿਆਗੀ।੪।੪।੫।

ਵਿਆਖਿਆ = ਜੋ ਕੁਝ ਹਰੀ ਨੇ ਕਰਨਾ ਨੀਯਤ ਕੀਤਾ ਹੋਇਆ ਹੈ, ਉਹ ਹੋ ਕੇ ਹੀ ਰਹਿੰਦਾ ਹੈ। ਮਨੁੱਖ ਦੀ ਸਿਆਣਪ ਤੇ ਤਾਕਤ ਕਿਸੇ ਕੰਮ ਨਹੀਂ ਆਉਂਦੀ। ਕਿਸੇ ਰਾਜੇ ਜਾਂ ਸੂਰਮੇ ਦੀ ਕਿਸੇ ਦੇਸ਼ ਨੂੰ ਜਿਤ ਕੇ ਧਨ ਇਕੱਠਾ ਕਰਨ ਦੀ ਮਨਸ਼ਾ ਹੁੰਦੀ ਹੈ, ਉਹ ਇਸ ਇੱਛਾ ਵਿਚ ਸਭ ਕੁਝ ਛਡ ਕੇ ਮਰ ਜਾਂਦਾ ਹੈ, ਉਸ ਦੀ ਇੱਛਾ ਪੂਰੀ ਨਹੀਂ ਹੁੰਦੀ। ਇਕ ਮਨੁੱਖ ਮਨ ਦੇ ਹਠ ਕਰਕੇ ਅਪਣੇ ਆਪ ਨੂੰ ਜਣਾਉਂਦਾ ਹੈ ਕਿ ਮੈਂ ਇਕ ਤੋਂ ਬਿਨਾ ਕਿਸੇ ਹੋਰ ਨੂੰ ਨਹੀਂ ਮੰਨਦਾ ਅਤੇ ਘਰ ਬਾਰ ਛਡ ਕੇ ਤਿਆਗੀ ਬਣ ਜਾਂਦਾ ਹੈ। ਉਹ ਕਈ ਖਾਣ ਪੀਣ ਤੇ ਪਹਿਨਣ ਦੀਆਂ ਚੀਜਾਂ ਬੁਰੀਆਂ ਜਾਣ ਕੇ ਛਡ ਦੇਂਦਾ ਹੈ ਜੋ ਅਨਿੰਦ ਹਨ, ਪਰ ਫਿਰ ਮਜਬੂਰੀ ਵਿਚ ਗ੍ਰਿਹਸਤੀਆਂ ਦੇ ਘਰ ਜਾ ਕੇ ਉਹੀ ਚੀਜਾਂ ਮੰਗਦਾ ਫਿਰਦਾ ਹੈ। ਗ੍ਰਿਸਤੀਆਂ ਦੇ ਘਰਾਂ ਵਿਚ ਜਾ ਕੇ ਅਪਣੀਆਂ ਛੱਡੀਆਂ ਚੀਜਾਂ ਦੀ ਵਰਤੋਂ ਕਰਦਾ ਹੈ ਅਤੇ ਗ੍ਰਿਸਤੀਆਂ ਦੇ ਪੈਸੇ ਨਾਲ ਡੇਰੇ, ਮੰਦਰ, ਕੁਟੀਆ ਜਮੀਨਾਂ ਖੂਹ ਆਦਿ ਬਣਾਉਂਦਾ ਹੈ। ਗ੍ਰਿਸਤੀਆਂ ਦੇ ਪਦਾਰਥਾਂ ਨਾਲ ਸਦਾ ਬਰਤ ਲੰਗਰ ਚਲਾਉਂਦਾ ਹੈ, ਲੁਕ ਕੇ ਇਸਤ੍ਰੀਆਂ ਨਾਲ ਕੁਕਰਮ ਕਰਦਾ ਹੈ, ਅਪਣੇ ਧੀਆਂ ਪੁਤ੍ਰਾਂ ਨੂੰ ਛਡ ਕੇ ਚੇਲਿਆਂ ਦੇ ਪ੍ਰੇਮ ਵਿਚ ਫਸਦਾ ਹੈ। ਇਹ ਮਿਸਾਲ ਦੇ ਕੇ ਦੋ ਗੱਲਾਂ ਸਮਝਾਈਆਂ ਹਨ, ਇਕ ਤਾਂ ਅਜੇਹੇ ਤਿਆਗੀ ਦੀ ਅਪਣੀ ਸਿਆਣਪ ਤੇ ਮਨ ਦਾ ਹਠ ਕਿਸੇ ਕੰਮ ਨਹੀਂ ਆਏ। ਦੂਜੇ ਜੇ ਗੁਰੂ ਦੀ ਮੱਤ ਤੇ ਚਲ ਕੇ ਰੱਬ ਦੇ ਭਾਣੇ ਵਿਚ ਤੁਰਦਾ ਤਾਂ ਅਜੇਹੀਆਂ ਸਿਆਣਪਾਂ, ਮਨ ਦੇ ਹਠ ਤੇ ਅਪਣੀ ਵਰਤੀ ਤਾਕਤ ਤੋਂ ਬਚ ਜਾਂਦਾ। ਅਖੀਰ ਵਿਚ ਉਸ ਪੁਰਖ ਦਾ ਜਿਕਰ ਕਰਦੇ ਹਨ, ਜਿਹੜਾ ਅਪਣੀ ਸਿਆਣਪ ਤੇ ਮਨ ਦੇ ਹਠ ਦੀ ਵਰਤੋਂ ਨਹੀਂ ਸੀ ਕਰ ਰਿਹਾ। ਉਸ ਨੂੰ ਪੂਰਨ ਗੁਰੂ ਮਿਲ ਗਿਆ, ਗੁਰੂ ਦੀ ਮੱਤ ਤੇ ਚਲ ਕੇ ਸਹਿਜ ਸੁਭਾ ਉਸ ਉਤੇ ਰੱਬ ਮਿਹਰਵਾਨ ਹੋ ਗਿਆ। ਉਸ ਦੇ ਸਾਰੇ ਬੰਧਨ ਤੇ ਜਨਮ ਮਰਨ ਦੀ ਫਾਹੇ ਕੱਟੇ ਗਏ, ਅਜੇਹਾ ਪੁਰਖ ਗ੍ਰਿਸਤ ਵਿਚ ਹੀ ਤਿਆਗੀ ਹੈ, ਉਹ ਰੱਬ ਦੇ ਦਰ ਤੇ ਪ੍ਰਵਾਨ ਹੋ ਗਿਆ।

ਗੂਜਰੀ ਮਹਲਾ ੫ ॥ ਨਾਮੁ ਨਿਧਾਨੁ ਜਿਨਿ ਜਨਿ ਜਪਿਓ, ਤਿਨ ਕੇ ਬੰਧਨ ਕਾਟੇ ॥ ਕਾਮ ਕ੍ਰੋਧ ਮਾਇਆ ਬਿਖੁ ਮਮਤਾ, ਇਹ ਬਿਆਧਿ ਤੇ ਹਾਟੇ ॥੧॥ ਹਰਿ ਜਸੁ ਸਾਧ ਸੰਗਿ ਮਿਲਿ ਗਾਇਓ ॥ ਗੁਰ ਪਰਸਾਦਿ ਭਇਓ ਮਨੁ ਨਿਰਮਲੁ ,ਸਰਬ ਸੁਖਾ ਸੁਖ ਪਾਇਅਉ ॥੧॥ਰਹਾਉ ॥ ਜੋ ਕਿਛੁ ਕੀਓ ਸੋਈ ਭਲ ਮਾਨੈ, ਐਸੀ ਭਗਤਿ ਕਮਾਨੀ ॥ ਮਿਤ੍ਰ ਸਤ੍ਰ ਸਭ ਏਕ ਸਮਾਨੇ, ਜੋਗ ਜੁਗਤਿ ਨੀਸਾਨੀ ॥੨॥ ਪੂਰਨ ਪੂਰਿ ਰਹਿਓ ਸ੍ਰਬ ਥਾਈ, ਆਨ ਨ ਕਤਹੂੰ ਜਾਤਾ ॥ ਘਟ ਘਟ ਅੰਤਰਿ ਸਰਬ ਨਿਰੰਤਰਿ, ਰੰਗਿ ਰਵਿਓ ਰੰਗਿ ਰਾਤਾ ॥੩॥ ਭਏ ਕ੍ਰਿਪਾਲ ਦਇਆਲ ਗੁਪਾਲਾ, ਤਾ ਨਿਰਭੈ ਕੈ ਘਰਿ ਆਇਆ ॥ ਕਲਿ ਕਲੇਸ ਮਿਟੇ ਖਿਨ ਭੀਤਰਿ, ਨਾਨਕ ਸਹਜਿ ਸਮਾਇਆ ॥੪॥੫॥੬॥ (ਹੇ ਭਾਈ!) ਨਾਮ ਸਾਰੇ ਸੁੱਖਾਂ ਦਾ ਖਜਾਨਾ ਹੈ, ਜਿਸ ਜਿਸ ਗੁਰਮੁਖ ਜਨ ਨੇ (ਇਹ ਨਾਮ) ਜਪਿਆ ਹੈ, ਉਨ੍ਹਾਂ ਦੇ (ਜਨਮ ਮਰਨ ਦੇ) ਬੰਧਨ ਹਰੀ ਨੇ ਕਟ ਦਿਤੇ ਹਨ। (ਕਿਉਂਕਿ ਉਹ) ਕਾਮ, ਕ੍ਰੋਧ ਅਤੇ ਵਿਹੁ ਰੂਪ ਮਾਇਆ ਦੀ ਮਮਤਾ ਦੀ ਇਸ ਬਿਮਾਰੀ ਤੋਂ ਹਟ ਗਏ ਹਨ।੧। (ਗੁਰਮੁਖਾਂ ਨੇ) ਸਾਧ ਸੰਗਤ ਵਿਚ ਮਿਲ ਕੇ ਹਰੀ ਦਾ ਜਸ ਗਾਇਆ ਹੈ। ਗੁਰੂ ਦੀ ਕ੍ਰਿਪਾ ਨਾਲ (ਉਨ੍ਹਾਂ ਗੁਰਮੁਖਾਂ ਦਾ) ਮਨ ਨਿਰਮਲ ਹੋ ਗਿਆ ਹੈ, (ਇਸ ਕਰਕੇ ਉਨ੍ਹਾਂ ਨੇ) ਸਾਰੇ ਸੁੱਖਾਂ ਦਾ ਮੂਲ ਆਤਮਕ ਸੁਖ ਪਾ ਲਿਆ ਹੈ।੧। ਰਹਾਉ। (ਉਨ੍ਹਾਂ ਨੇ) ਐਸੀ ਭਗਤੀ ਕਮਾਈ ਹੈ, ਕਿ ਜੋ ਕੁਛ ਪ੍ਰਭੂ ਨੇ ਕੀਤਾ ਹੈ, ਉਸ ਨੂੰ ਉਹ ਭਲਾ ਕਰਕੇ ਮੰਨਦੇ ਹਨ (ਭਾਣੇ ਵਿਚ ਖੁਸ਼ ਰਹਿੰਦੇ ਹਨ। ਉਨ੍ਹਾਂ ਨੂੰ) ਮਿਤ੍ਰ ਤੇ ਬੈਰੀ ਇਕ ਬਰਾਬਰ ਦਿਸਣ ਲਗ ਪਏ ਹਨ, (ਹੇ ਭਾਈ! ਉਨ੍ਹਾਂ ਲਈ ਇਹੋ ਹੀ) ਜੋਗ ਵਿਚ ਜੁੜਨ ਦੇ ਤਰੀਕੇ ਦੀ ਨਿਸ਼ਾਨੀ ਹੈ।੨। ਪੂਰਨ ਪ੍ਰਭੂ (ਉਨ੍ਹਾਂ ਨੂੰ) ਸਭ ਥਾਂ ਭਰਪੂਰ ਹੋ ਰਿਹਾ ਦਿਸਣ ਲਗ ਪਿਆ ਹੈ, (ਉਨ੍ਹਾਂ ਨੇ ਪ੍ਰਭੂ ਤੋਂ ਬਿਨਾ) ਹੋਰ ਨੂੰ ਕਿਸੇ ਥਾਂ (ਵਸਦਾ) ਨਹੀਂ ਜਾਣਿਆ। (ਪ੍ਰਭੂ ਉਨ੍ਹਾਂ ਨੂੰ) ਹਰੇਕ ਦੇ ਹਿਰਦੇ ਵਿਚ ਤੇ ਸਭ ਥਾਵਾਂ ਤੇ ਬਿਨਾ ਵਿਥ ਦੇ ਵਸਦਾ ਦਿਸ ਪਿਆ ਹੈ ਅਤੇ (ਉਨ੍ਹਾਂ ਨੇ) ਪ੍ਰਭੂ ਦੇ ਪ੍ਰੇਮ ਰੰਗ ਵਿਚ ਮਸਤ ਹੋ ਕੇ ਅਨੰਦ ਮਾਣਿਆ ਹੈ; ਜਿਹੜਾ ਹਰੀ ਸਾਰੇ ਰੰਗਾਂ ਵਿਚ ਰਮਿਆ ਹੋਇਆ ਹੈ, ਉਸ ਦੇ ਪ੍ਰੇਮ ਰੰਗ ਵਿਚ ਚਿਤ ਰੰਗਿਆ ਗਿਆ ਹੈ (ਟਕਸਾਲ)।੩। ਕ੍ਰਿਪਾ ਕਰਨ ਵਾਲੇ ਗੁਪਾਲ ਪ੍ਰਭੂ ਜੀ (ਜਦ) ਦਿਆਲ ਹੋਏ ਤਾਂ (ਉਹ ਗੁਰਮੁਖ) ਨਿਰਭੈ ਪ੍ਰਭੂ ਦੇ ਘਰਿ ਵਿਚ ਆ ਗਿਆ (ਪ੍ਰਭੂ ਦੇ ਸਰੂਪ ਵਿਚ ਲੀਨ ਹੋ ਗਿਆ। ਫਿਰ ਉਸ ਦੀ) ਕਲਪਣਾ ਅਤੇ ਕਲੇਸ ਇਕ ਖਿਨ ਵਿਚ ਮਿਟ ਗਏ ਹਨ, ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਸਹਿਜ (ਕੁਦਰਤੀ ਆਤਮਕ ਸੁਖ ਵਾਲੀ) ਅਵਸਥਾ ਵਿਚ ਸਮਾ ਗਿਆ ਹੈ।੪।

ਪਦਾਰਥ = ਨਿਧਾਨੁ–ਖਜਾਨਾ। ਜਿਨਿ–ਜਿਸ ਜਿਸ ਨੇ। ਜਨਿ–ਗੁਰਮੁਖ ਜਨ ਨੇ। ਤਿਨ ਕੇ–ਉਨ੍ਹਾਂ ਦੇ। ਮਾਇਆ ਬਿਖੁ–ਵਿਹੁ ਰੂਪ ਜਹਿਰ। ਬਿਆਧਿ–ਬਿਮਾਰੀ। ਤੇ–ਤੋਂ। ਹਾਟੇ–ਹਟ ਗਏ।੧। ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਭਇਓ–ਹੋ ਗਿਆ। ਨਿਰਮਲੁ–ਮੈਲ ਰਹਿਤ (ਪਵਿਤ੍ਰ)। ਸਰਬ–ਸਾਰੇ। ਸੁਖਾ ਸੁਖ–ਸੁੱਖਾਂ ਵਿਚੋਂ ਵੱਡਾ ਸੁੱਖ।੧। ਰਹਾਉ। ਕੀਓ–ਕੀਤਾ ਹੈ। ਸੋਈ–ਉਸ ਨੂੰ। ਭਲ ਮਾਨੈ–ਭਲਾ ਕਰਕੇ ਮੰਨਦਾ ਹੈ। ਕਮਾਨੀ–ਕਮਾਈ (ਕੀਤੀ) ਹੈ। ਸਤ੍ਰ–ਬੈਰੀ। ਏਕ ਸਮਾਨੇ–ਇਕ ਬਰਾਬਰ। ਜੋਗ ਜੁਗਤਿ–ਜੋਗ ਵਿਚ ਜੁੜਨ ਦੇ ਤਰੀਕੇ ਦੀ।੨

।ਪੂਰਨ ਪੂਰਿ ਰਹਿਓ–ਭਰਪੂਰ ਹੋ ਰਿਹਾ ਪੂਰਨ ਪ੍ਰਭੂ।ਸ੍ਰਬ ਥਾਈ–ਸਭ ਥਾਵਾਂ ਤੇ।ਆਨ–ਹੋਰ ਨੂੰ।ਕਤਹੂੰ–ਕਿਸੇ ਥਾਂ ਤੇ।ਜਾਤਾ–ਜਾਨਿਆ।ਘਟ ਘਟ ਅੰਤਰਿ–ਹਰੇਕ ਦੇ ਹਿਰਦੇ ਵਿਚ।ਸਰਬ ਨਿਰੰਤਰਿ–ਸਭ ਜਗ੍ਹਾ ਬਿਨਾ ਵਿਥ ਦੇ।ਰੰਗਿ ਰਵਿਓ–ਅਨੰਦ ਮਾਨਿਆ।ਰੰਗਿ ਰਾਤਾ –ਪ੍ਰੇਮ ਰੰਗ ਵਿਚ ਮਸਤ ਹੋ ਕੇ।੩।ਗੁਪਾਲਾ–ਪ੍ਰਿਥਵੀ ਪਾਲਕ।ਤਾ–ਤਾਂ।ਨਿਰਭੈ ਕੈ–ਭੈ ਰਹਿਤ ਪ੍ਰਭੂ ਦੇ।ਘਰਿ–ਸਰੂਪ ਵਿਚ।ਕਲਿ ਕਲੇਸ–ਕਲਪਣਾ ਤੇ ਕਲੇਸ਼; ਕਲਜੁਗ ਦੇ ਕਲੇਸ਼।ਸਹਜਿ–ਸਹਿਜ ਅਵਸਥਾ ਵਿਚ।ਸਮਾਇਆ–ਸਮਾ ਗਿਆ।੪।੫।੬।

ਅੰਗ ੪੯੭ = ਗੂਜਰੀ ਮਹਲਾ ੫ ॥ ਜਿਸੁ ਮਾਨੁਖ ਪਹਿ ਕਰਉ ਬੇਨਤੀ, ਸੋ ਅਪਨੈ ਦੁਖਿ ਭਰਿਆ ॥ ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ, ਤਿਨਿ ਭਉ ਸਾਗਰੁ ਤਰਿਆ ॥੧॥ ਗੁਰ ਹਰਿ ਬਿਨੁ ਕੋ ਨ ਬ੍ਰਿਥਾ ਦੁਖੁ ਕਾਟੈ ॥ ਪ੍ਰਭ ਤਜਿ ਅਵਰ ਸੇਵਕੁ ਜੇ ਹੋਈ ਹੈ, ਤਿਤੁ ਮਾਨੁ ਮਹਤੁ ਜਸੁ ਘਾਟੈ ॥੧॥ਰਹਾਉ॥ ਮਾਇਆ ਕੇ ਸਨਬੰਧ ਸੈਨ ਸਾਕ, ਕਿਤਹੀ ਕਾਮਿ ਨ ਆਇਆ ॥ ਹਰਿ ਕਾ ਦਾਸੁ ਨੀਚ ਕੁਲੁ ਊਚਾ, ਤਿਸੁ ਸੰਗਿ ਮਨ ਬਾਂਛਤ ਫਲ ਪਾਇਆ ॥੨॥ ਲਾਖ ਕੋਟਿ ਬਿਖਿਆ ਕੇ ਬਿੰਜਨ, ਤਾ ਮਹਿ ਤ੍ਰਿਸਨ ਨ ਬੂਝੀ ॥ ਸਿਮਰਤ ਨਾਮੁ ਕੋਟਿ ਉਜੀਆਰਾ, ਬਸਤੁ ਅਗੋਚਰ ਸੂਝੀ ॥੩॥ ਫਿਰਤ ਫਿਰਤ ਤੁਮ੍ਰੈ ਦੁਆਰਿ ਆਇਆ, ਭੈ ਭੰਜਨ ਹਰਿ ਰਾਇਆ ॥ ਸਾਧ ਕੇ ਚਰਨ ਧੂਰਿ ਜਨੁ ਬਾਛੈ, ਸੁਖੁ ਨਾਨਕ ਇਹੁ ਪਾਇਆ ॥੪॥੬॥੭॥ (ਹੇ ਭਾਈ! ਅਪਨੇ ਦੁਖ ਦੂਰ ਕਰਨ ਲਈ ਮੈਂ) ਜਿਸ ਮਨੁੱਖ ਪਾਸ ਬੇਨਤੀ ਕਰਦਾ ਹਾਂ, ਉਹ (ਪਹਿਲਾਂ ਹੀ) ਅਪਨੇ ਦੁਖਾਂ ਨਾਲ ਭਰਿਆ ਹੋਇਆ ਹੈ।ਜਿਸ (ਮਨੁੱਖ) ਨੇ ਪਾਰਬ੍ਰਹਮ ਨੂੰ ਦਿਲ ਵਿਚ ਜਪਿਆ ਹੈ, ਉਸ ਨੇ ਭਵ ਸਾਗਰ ਨੂੰ ਤਰਿਆ ਹੈ।੧।ਗੁਰੂ ਤੇ ਹਰੀ ਤੋਂ ਬਿਨਾ ਕੋਈ ਵੀ (ਮਨੁੱਖ ਕਿਸੇ ਦਾ) ਦੁਖ ਦਰਦ ਨਹੀਂ ਕਟ ਸਕਦਾ।ਹਰੀ ਨੂੰ ਛਡ ਕੇ ਜੇ ਕਿਸੇ ਹੋਰ ਦਾ ਸੇਵਕ ਹੋ ਜਾਈਏ ਤਾਂ ਉਸ ਨਾਲ ਸਤਿਕਾਰ, ਵਡਿਆਈ ਤੇ ਜਸ ਘਟ ਜਾਂਦਾ ਹੈ।੧। ਰਹਾਉ।ਮਾਇਆ ਦੇ ਰਿਸ਼ਤੇ, ਸਾਕ ਸਬੰਧੀ ਵੀ (ਦੁਖ ਦੂਰ ਕਰਨ ਲਈ) ਕਿਸੇ ਕੰਮ ਨਹੀਂ ਆਏ।ਭਾਵੇਂ ਹਰੀ ਦਾ ਦਾਸ ਨੀਚ ਕੁਲ ਵਾਲਾ ਵੀ ਹੋਵੇ, ਉਹ (ਹੋਰ ਲੋਕਾਂ ਨਾਲੋਂ) ਉਚਾ ਹੈ, ਉਸ ਦੀ ਸੰਗਤ ਕਰਕੇ ਮਨ ਬਾਂਛਤ ਫਲ ਪਾ ਲਈਦੇ ਹਨ।੨।(ਭਾਵੇਂ) ਲੱਖਾਂ ਕ੍ਰੋੜਾਂ ਵਿਸ਼ਿਆਂ ਦੇ ਭੋਗ ਤੇ ਖਾਣੇ ਹੋਣ, ਉਨ੍ਹਾਂ ਵਿਚ (ਲਗ ਕੇ ਵੀ ਕਿਸੇ ਦੀ) ਤ੍ਰਿਸ਼ਨਾ ਨਹੀਂ ਬੁਝੀ।(ਪਰ) ਨਾਮ ਨੂੰ ਸਿਮਰਦਿਆਂ ਕ੍ਰੋੜਾਂ (ਸੂਰਜਾਂ ਵਰਗਾ ਗਿਆਨ ਦਾ) ਚਾਨਣ ਹੋ ਜਾਂਦਾ ਹੈ ਅਤੇ ਗੁਪਤ ਵਸਤੂ (ਹਰੀ) ਦਿਸ ਪੈਂਦੀ ਹੈ।੩।ਹੇ ਭੈ ਨੂੰ ਨਾਸ ਕਰਨ ਵਾਲੇ ਹਰੀ ਪਾਤਸ਼ਾਹ! (ਮੈਂ ਅਨੇਕਾਂ ਜਨਮਾਂ ਵਿਚ; ਦੇਵੀ ਦੇਵਤਿਆਂ ਦੇ ਦਰ ਤੇ) ਫਿਰਦਾ ਫਿਰਦਾ ਤੇਰੇ ਦਰ ਤੇ ਆਇਆ ਹਾਂ।(ਹੁਣ ਮੈਂ ਆਪ ਜੀ ਦਾ) ਦਾਸ ਸਾਧੂਆਂ ਦੇ ਚਰਨਾਂ ਦੀ ਧੂੜ ਮੰਗਦਾ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ (ਮੈਂ ਤੇਰੇ ਦਰ ਤੋਂ ਸਾਧੂ ਧੂੜ ਦਾ) ਇਹ ਸੁਖ ਪਾਇਆ ਹੈ।੪।੬।੭।

ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ, ਤਾ ਆਗੈ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ।ਅਪਨੀ ਬਿਰਥਾ ਕਹਹੁ ਹਰਿ ਅਪੁਨੇ ਸੁਆਮੀ ਪਹਿ, ਜੋ ਤੁਮ੍ਰੇ ਦੂਖ ਤਤਕਾਲ ਕਟਾਸਾ।ਸੋ ਐਸਾ ਪ੍ਰਭੁ ਛੋਡਿ ਅਪਨੀ ਬਿਰਥਾ ਅਵਰਾ ਪਹਿ ਕਹੀਐ....੮੬੦

ਪਦਾਰਥ = ਪਹਿ–ਪਾਸ।ਕਰਉ–ਮੈਂ ਕਰਦਾ ਹਾਂ।ਸੋ–ਉਹ।ਰਿਦੈ–ਦਿਲ ਵਿਚ।ਤਿਨਿ–ਉਸ ਨੇ।ਭਉ ਸਾਗਰੁ–ਭਵ ਸਾਗਰ।੧।ਗੁਰ ਹਰਿ–ਗੁਰੂ ਤੇ ਹਰੀ; ਹਰੀ ਰੂਪ ਗੁਰੂ।ਕੋ ਨ–ਕੋਈ ਵੀ ਨਹੀਂ।ਬ੍ਰਿਥਾ ਦੁਖ–ਦੁਖ ਦਰਦ।ਤਜਿ–ਛਡ ਕੇ।ਅਵਰ ਸੇਵਕੁ–ਕਿਸੇ ਹੋਰ ਦਾ ਸੇਵਕ।ਹੋਈ ਹੈ–ਹੋ ਜਾਈਏ।ਤਿਤੁ–ਉਸ ਨਾਲ।ਮਾਨੁ–ਸਤਿਕਾਰ।ਮਹਤੁ–ਵਡਿਆਈ।੧।ਰਹਾਉ।ਸੈਨ–ਸਾਥੀ।ਸਾਕ–ਰਿਸ਼ਤੇਦਾਰ। ਕਿਤਹੀ–ਕਿਸੇ।ਕਾਮਿ–ਕੰਮ।ਕੁਲੁ–ਖਾਨਦਾਨ।ਮਨ ਬਾਂਛਤ–ਮਨ ਦੇ ਚਾਹੇ ਹੋਏ।੨।ਬਿਖਿਆ ਕੇ–ਵਿਸ਼ਿਆਂ ਦੇ।ਬਿੰਜਨ–ਭੋਜਨ।ਤਾ ਮਹਿ–ਉਨ੍ਹਾਂ ਵਿਚ।ਨ ਬੂਝੀ–ਨਹੀ ਮਿਟੀ।ਕੋਟਿ ਉਜੀਆਰਾ–ਕ੍ਰੋੜਾਂ (ਸੂਰਜਾਂ ਦਾ) ਚਾਨਣ।ਅਗੋਚਰ–ਗੁਪਤ; ਮਨ ਬਾਣੀ ਤੋਂ ਪਰੇ।ਸੂਝੀ–ਦਿਸ ਪੈਂਦੀ ਹੈ।੩।ਦੁਆਰਿ–ਦਰ ਤੇ।ਭੈ ਭੰਜਨ–ਹੇ ਭੈ ਨਾਸ਼ ਕਰਨ ਵਾਲੇ!।ਰਾਇਆ–ਰਾਜਾ।ਬਾਛੈ–ਮੰਗਦਾ ਹੈ।੪।੬।੭।

ਗੂਜਰੀ ਮਹਲਾ ੫ ਪੰਚਪਦਾ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਪ੍ਰਥਮੇ ਗਰਭ ਮਾਤਾ ਕੈ ਵਾਸਾ, ਊਹਾ ਛੋਡਿ ਧਰਨਿ ਮਹਿ ਆਇਆ ॥ ਚਿਤ੍ਰਸਾਲ ਸੁੰਦਰ ਬਾਗ ਮੰਦਰ, ਸੰਗਿ ਨ ਕਛਹੂ ਜਾਇਆ ॥੧॥ ਅਵਰ ਸਭ ਮਿਥਿਆ ਲੋਭ ਲਬੀ ॥ ਗੁਰਿ ਪੂਰੈ ਦੀਓ ਹਰਿ ਨਾਮਾ, ਜੀਅ ਕਉ ਏਹਾ ਵਸਤੁ ਫਬੀ ॥੧॥ਰਹਾਉ॥ ਇਸਟ ਮੀਤ ਬੰਧਪ ਸੁਤ ਭਾਈ, ਸੰਗਿ ਬਨਿਤਾ ਰਚਿ ਹਸਿਆ ॥ ਜਬ ਅੰਤੀ ਅਉਸਰੁ ਆਇ ਬਨਿਓ ਹੈ, ਉਨ੍ ਪੇਖਤ ਹੀ ਕਾਲਿ ਗ੍ਰਸਿਆ ॥੨॥ ਕਰਿ ਕਰਿ ਅਨਰਥ ਬਿਹਾਝੀ ਸੰਪੈ, ਸੁਇਨਾ ਰੂਪਾ ਦਾਮਾ ॥ ਭਾੜੀ ਕਉ ਓਹੁ ਭਾੜਾ ਮਿਲਿਆ, ਹੋਰੁ ਸਗਲ ਭਇਓ ਬਿਰਾਨਾ ॥੩॥ ਹੈਵਰ ਗੈਵਰ ਰਥ ਸੰਬਾਹੇ, ਗਹੁ ਕਰਿ ਕੀਨੇ ਮੇਰੇ ॥ ਜਬ ਤੇ ਹੋਈ ਲਾਂਮੀ ਧਾਈ, ਚਲਹਿ ਨਾਹੀ ਇਕ ਪੈਰੇ ॥੪॥ ਨਾਮੁ ਧਨੁ ਨਾਮੁ ਸੁਖ ਰਾਜਾ, ਨਾਮੁ ਕੁਟੰਬ ਸਹਾਈ ॥ ਨਾਮੁ ਸੰਪਤਿ ਗੁਰਿ ਨਾਨਕ ਕਉ ਦੀਈ, ਓਹ ਮਰੈ ਨ ਆਵੈ ਜਾਈ ॥੫॥੧॥੮॥ (ਹੇ ਭਾਈ! ਜੀਵ ਦਾ) ਪਹਿਲਾਂ ਮਾਤਾ ਦੇ ਗਰਭ ਵਿਚ ਵਾਸਾ ਹੋਇਆ, (ਫਿਰ) ਉਸ ਗਰਭ ਨੂੰ ਛਡ ਕੇ ਧਰਤੀ (ਦੁਨੀਆਂ) ਵਿਚ ਆਇਆ।ਚਿਤ੍ਰਕਾਰੀ ਵਾਲੇ ਸੁੰਦਰ ਮਕਾਨ, ਬਾਗ, ਸੁੰਦਰ ਮਹਿਲ ਆਦਿ (ਮਰਨ ਤੋਂ ਬਾਦ ਇਨ੍ਹਾਂ ਵਿਚੋਂ ਕੁਛ ਵੀ ਜੀਵ ਦੇ) ਨਾਲ ਨਹੀਂ ਜਾਇਆ ਕਰਦੇ।੧।(ਹੇ ਭਾਈ!) ਲੋਭ ਨਾਲ ਪ੍ਰਾਪਤ ਹੋਏ ਹੋਰ ਸਭ ਪਦਾਰਥ (ਹਰੀ ਦੇ ਨਾਮ ਤੋਂ ਬਿਨਾ) ਝੂਠੇ ਹਨ।(ਪਰ ਸਾਨੂੰ) ਪੂਰੇ ਗੁਰੂ ਨੇ ਹਰੀ ਦਾ ਨਾਮ ਦਿਤਾ ਹੈ, (ਜੋ ਸੱਚਾ ਪਦਾਰਥ ਹੈ, ਸਾਡੀ) ਜਿੰਦ ਨੂੰ ਇਹੋ ਹੀ ਵਸਤੂ ਫਬੀ ਹੈ (ਜਿਸ ਨਾਲ ਜੀਵਨ ਸਫਲ ਹੁੰਦਾ ਹੈ)।੧।ਰਹਾਉ।(ਜੀਵ) ਪਿਆਰੇ ਮਿਤ੍ਰਾਂ, ਸਬੰਧੀਆਂ, ਪੁਤ੍ਰਾਂ, ਭਰਾਵਾਂ ਤੇ ਇਸਤ੍ਰੀ ਨਾਲ ਰਚ ਮਿਚ ਕੇ ਖੁਸ਼ ਹੁੰਦਾ ਹੈ।ਪਰ ਜਦ ਅੰਤ ਸਮਾਂ ਆ ਬਣਿਆ, ਤਾਂ ਉਨ੍ਹਾਂ (ਸਬੰਧੀਆਂ) ਦੇ ਦੇਖਦਿਆਂ ਹੀ ਕਾਲ ਨੇ (ਇਸ ਨੂੰ) ਖਾ ਲਿਆ

।੨।ਧੱਕਾ ਕਰ ਕਰਕੇ ਸੋਨਾ, ਚਾਂਦੀ ਤੇ ਦਮੜੇ ਆਦਿ ਸੰਪਦਾ ਇਕੱਠੇ ਕਰ ਲਏ।ਜਿਵੇਂ ਕਿਸੇ) ਮਜਦੂਰ ਨੂੰ ਮਜਦੂਰੀ ਮਿਲਦੀ ਹੈ, ਉਹ (ਸਭ ਕੁਛ ਜੀਵ ਨੂੰ) ਭਾੜਾ ਮਿਲਿਆ ਹੈ (ਗੁਜਾਰੇ ਜੋਗੀਆਂ ਚੀਜਾਂ ਮਿਲੀਆਂ, ਤੇ ਮਰਨੋਂ ਬਾਦ ਬਾਕੀ ਜਮ੍ਹਾ ਕੀਤਾ) ਹੋਰ ਸਾਰਾ ਮਾਲ ਬਿਗਾਨਾ ਹੋ ਗਿਆ।੩।ਵਧੀਆ ਘੋੜੇ ਤੇ ਵਧੀਆ ਹਾਥੀ ਤੇ ਰੱਥ ਇਕੱਠੇ ਕੀਤੇ, ਪਕੜ ਕਰਕੇ (ਬਹੁਤ ਮਾਣ ਨਾਲ ਕਹਿੰਦਾ ਸੀ ਕਿ ਇਹ ਸਭ) ਮੇਰੇ ਕੀਤੇ ਹੋਏ ਹਨ।(ਪਰ ਪ੍ਰਲੋਕ ਦੀ) ਜਦ ਲੰਬੀ ਦੌੜ ਹੋਈ, (ਇਹ ਸਭ ਸੰਪਦਾ) ਇਕ ਕਦਮ ਵੀ (ਜੀਵ ਦੇ) ਨਾਲ ਨਹੀਂ ਚਲੇ (ਸਭ ਕੁਝ ਇੱਥੇ ਹੀ ਰਹਿ ਗਿਆ।੪।ਪ੍ਰਭੂ ਦਾ) ਨਾਮ ਸੱਚਾ ਧਨ ਹੈ, ਨਾਮ ਹੀ ਸੁੱਖਾਂ ਦਾ ਰਾਜਾ; ਰਾਜ ਦਾ ਸੁਖ ਹੈ, (ਜਿਉਂਦੇ ਜੀ) ਨਾਮ ਹੀ ਪ੍ਰਵਾਰ ਹੈ ਅਤੇ ਨਾਮ ਹੀ (ਪ੍ਰਲੋਕ ਯਾਤ੍ਰਾ ਸਮੇਂ) ਸਹਾਇਤਾ ਕਰਨ ਵਾਲਾ ਹੈ।(ਇਹ) ਨਾਮ ਰੂਪ ਸੰਪਤੀ ਗੁਰੂ ਨੇ ਨਾਨਕ ਨੂੰ ਦਿਤੀ ਹੈ, ਉਹ (ਸੰਪਤੀ) ਨਾ ਮਰਦੀ ਹੈ ਤੇ ਨਾ (ਇਹ ਹੁੰਦਾ ਹੈ ਕਿ ਕਦੇ) ਆ ਗਈ ਤੇ (ਕਦੇ) ਚਲੇ ਗਈ (ਨਿਹਚਲ ਹੈ; ਜਿਸ ਮਨੁੱਖ ਨੂੰ ਇਹ ਸੰਪਤੀ ਮਿਲ ਜਾਂਦੀ ਹੈ), ਉਹ ਨਾ ਮਰਦਾ ਹੈ ਤੇ ਨਾ ਹੀ (ਜਨਮ ਲੈ ਕੇ ਮੁੜ) ਆਉਂਦਾ ਜਾਂਦਾ ਹੈ।੫।੧।੮।

ਪਦਾਰਥ = ਪ੍ਰਥਮੇ–ਪਹਿਲਾਂ।ਗਰਭ–ਕੁੱਖ (ਬੱਚਾਦਾਨੀ)।ਊਹਾ–ਉਸ (ਗਰਭ) ਨੂੰ।ਧਰਨਿ ਮਹਿ–ਧਰਤੀ (ਦੁਨੀਆਂ) ਵਿਚ।ਚਿਤ੍ਰਸਾਲ–ਚਿਤ੍ਰਕਾਰੀ ਵਾਲਾ ਮਕਾਨ; ਤਸਵੀਰਾਂ ਨਾਲ ਸਜਿਆ ਮਕਾਨ।ਮੰਦਰ–ਮਹਿਲ।ਸੰਗਿ–ਨਾਲ।ਕਛਹੂ–ਕੁਛ ਵੀ।ਨ ਜਾਇਆ–ਨਹੀਂ ਜਾਂਦਾ।੧।ਅਵਰ–ਹੋਰ।ਮਿਥਿਆ–ਝੂਠੇ।ਲੋਭ ਲਬੀ–ਲੋਭ ਨਾਲ ਪ੍ਰਾਪਤ ਹੋਈਆਂ ਵਸਤੂਆਂ; ਲੋਭ ਦਾ ਲੋਭੀ (ਲੋਭ ਕਰਨ ਵਾਲਾ ਲੋਭੀ)।ਗੁਰਿ ਪੂਰੈ–ਪੂਰੇ ਗੁਰੂ ਨੇ।ਜੀਅ ਕਉ–ਜਿੰਦ ਨੂੰ।ਫਬੀ–ਸੋਭਦੀ (ਮਾਅਫਕ) ਹੈ।੧।ਰਹਾਉ।ਇਸਟ–ਪਿਆਰੇ।ਮੀਤ–ਮਿਤ੍ਰ।ਬੰਧਪ–ਰਿਸ਼ਤੇਦਾਰ।ਸੁਤ–ਪੁਤ੍ਰ।ਭਾਈ–ਭਰਾ।ਬਨਿਤਾ–ਇਸਤ੍ਰੀ।ਰਚਿ–ਰਚ ਮਿਚ ਕੇ; ਗੂੜ੍ਹਾ ਪਿਆਰਾ ਪਾ ਕੇ।ਹਸਿਆ–ਖੁਸ਼ ਹੁੰਦਾ ਹੈ।ਜਬ–ਜਦ। ਅੰਤੀ ਅਉਸਰੁ–ਅੰਤ ਦਾ ਸਮਾਂ।ਆਇ ਬਨਿਓ ਹੈ–ਆ ਬਣਿਆ।ਉਨ੍–ਉਨ੍ਹਾਂ ਦੇ।ਪੇਖਤ–ਦੇਖਦਿਆਂ।ਕਾਲਿ–ਕਾਲ (ਮੌਤ) ਨੇ। ਗ੍ਰਸਿਆ–ਫੜ ਲਿਆ।੨।ਕਰਿ ਕਰਿ ਅਨਰਥ–ਧੱਕਾ ਕਰ ਕਰਕੇ; ਪਾਪ ਕਰਕੇ।ਬਿਹਾਝੀ–ਇਕੱਠੀ ਕੀਤੀ।ਸੰਪੈ–ਸੰਪਦਾ; ਮਾਇਆ। ਸੁਇਨਾ–ਸੋਨਾ।ਰੂਪਾ–ਚਾਂਦੀ।ਦਾਮਾ–ਦਮੜੇ; ਰੁਪਏ।ਭਾੜੀ–ਭਾੜੇ ਤੇ ਕੰਮ ਕਰਨ ਵਾਲਾ ਮਨੁੱਖ; ਮਜਦੂਰ।ਭਾੜਾ–ਮਜਦੂਰੀ।ਭਇਓ–ਹੋ ਗਿਆ।ਬਿਰਾਨਾ–ਬਿਗਾਨਾ।੩।ਹੈਵਰ–ਵਧੀਆ ਘੋੜੇ।ਗੈਵਰ–ਵਧੀਆ ਹਾਥੀ।ਸੰਬਾਹੇ–ਇਕੱਠੇ ਕੀਤੇ।ਗਹੁ ਕਰਿ–ਪਕੜ ਕਰਕੇ; ਹਠ ਕਰਕੇ; ਮੋਹ ਕਰਕੇ।ਕੀਨੇ–ਕੀਤੇ; ਬਣਾਏ।ਜਬ ਤੇ–ਜਦ ਤੋਂ।ਲਾਂਮੀ ਧਾਈ–ਲੰਬੀ ਦੌੜ (ਲੰਬਾ ਸਫਰ); ਪ੍ਰਲੋਕ ਯਾਤ੍ਰਾ; ਚੁਰਾਸੀ ਦਾ ਗੇੜ।ਪੈਰੇ–ਕਦਮ (ਪੈਰ)।੪।ਸੁਖ ਰਾਜਾ–ਸੁੱਖਾਂ ਦਾ ਰਾਜਾ (ਵੱਡਾ ਸੁੱਖ); ਰਾਜ ਦਾ ਸੁੱਖ।ਕੁਟੰਬ–ਪ੍ਰਵਾਰ।ਸਹਾਈ–ਸਹਾਇਤਾ ਕਰਨ ਵਾਲਾ।ਸੰਪਤਿ–ਜਾਇਦਾਤ; ਧਨ।ਗੁਰਿ–ਗੁਰੂ ਨੇ।ਦੀਈ–ਦਿਤੀ ਹੈ।ਨਾਨਕ ਕਉ–ਨਾਨਕ ਨੂੰ (ਮੈਨੂੰ)।੫।੧।੮।

ਗੂਜਰੀ ਮਹਲਾ ੫ ਤਿਪਦੇ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਦੁਖ ਬਿਨਸੇ ਸੁਖ ਕੀਆ ਨਿਵਾਸਾ, ਤ੍ਰਿਸਨਾ ਜਲਨਿ ਬੁਝਾਈ ॥ ਨਾਮੁ ਨਿਧਾਨੁ ਸਤਿਗੁਰੂ ਦ੍ਰਿੜਾਇਆ, ਬਿਨਸਿ ਨ ਆਵੈ ਜਾਈ ॥੧॥ ਹਰਿ ਜਪਿ ਮਾਇਆ ਬੰਧਨ ਤੂਟੇ ॥ ਭਏ ਕ੍ਰਿਪਾਲ ਦਇਆਲ ਪ੍ਰਭ ਮੇਰੇ, ਸਾਧ ਸੰਗਤਿ ਮਿਲਿ ਛੂਟੇ ॥੧॥ਰਹਾਉ॥ ਆਠ ਪਹਰ ਹਰਿ ਕੇ ਗੁਨ ਗਾਵੈ, ਭਗਤਿ ਪ੍ਰੇਮ ਰਸਿ ਮਾਤਾ ॥ ਹਰਖ ਸੋਗ ਦੁਹੁ ਮਾਹਿ ਨਿਰਾਲਾ, ਕਰਣੈਹਾਰੁ ਪਛਾਤਾ ॥੨॥ (ਦੂਜੀ ਤੁਕ ਦਾ ਅਰਥ ਪਹਿਲਾਂ ਹੈ।ਜਿਸ ਮਨੁੱਖ ਨੂੰ) ਸਤਿਗੁਰੂ ਨੇ ਪ੍ਰਭੂ ਦਾ ਨਾਮ ਰੂਪ ਖਜਾਨਾ ਦ੍ਰਿੜ ਕਰਾ ਦਿਤਾ ਹੈ, ਉਹ ਨਾ ਬਿਨਸਦਾ ਹੈ ਤੇ ਨਾ ਹੀ ਆਉਂਦਾ ਤੇ ਜਾਂਦਾ (ਜਨਮਦਾ ਤੇ ਮਰਦਾ) ਹੈ।(ਉਸ ਦੇ ਸਾਰੇ) ਦੁਖ ਨਾਸ਼ ਹੋ ਗਏ ਤੇ ਸੁੱਖਾਂ ਨੇ (ਉਸ ਦੇ ਅੰਦਰ) ਨਿਵਾਸ ਕਰ ਲਿਆ ਹੈ ਅਤੇ (ਨਾਮ ਨੇ) ਤ੍ਰਿਸ਼ਨਾ ਦੀ ਜਲਨ ਵੀ ਬੁਝਾ ਦਿਤੀ ਹੈ।੧।ਹਰੀ ਨੂੰ ਜਪ ਕੇ ਮਾਇਆ ਦੇ ਬੰਧਨ ਟੁੱਟ ਗਏ ਹਨ।(ਜਿਸ ਮਨੁੱਖ ਉਪਰ) ਮੇਰੇ ਕ੍ਰਿਪਾਲੂ ਪ੍ਰਭੂ ਜੀ ਦਿਆਲ ਹੋਏ, (ਉਸ ਦੇ) ਸਾਧ ਸੰਗਤ ਵਿਚ ਮਿਲ ਕੇ (ਸਾਰੇ ਬੰਧਨ) ਛੁਟ ਗਏ ਹਨ।੧।ਰਹਾਉ।(ਅਜੇਹਾ ਮਨੁੱਖ) ਅੱਠੇ ਪਹਿਰ ਹਰੀ ਦੇ ਗੁਣ ਗਾਉਂਦਾ ਹੈ ਅਤੇ ਭਗਤੀ ਦੇ ਪ੍ਰੇਮ ਰਸ ਵਿਚ ਮਸਤ ਰਹਿੰਦਾ ਹੈ।(ਉਹ) ਖੁਸ਼ੀ ਤੇ ਗਮੀ ਦੋਹਾਂ ਵਿਚ ਨਿਰਲੇਪ ਰਹਿੰਦਾ ਹੈ ਅਤੇ (ਉਸ ਨੇ) ਰਚਨਹਾਰ ਪ੍ਰਭੂ ਨੂੰ ਪਛਾਣ ਲਿਆ ਹੈ।੨।

ਅੰਗ ੪੯੮ = ਜਿਸ ਕਾ ਸਾ ਤਿਨ ਹੀ ਰਖਿ ਲੀਆ, ਸਗਲ ਜੁਗਤਿ ਬਣਿ ਆਈ ॥ ਕਹੁ ਨਾਨਕ ਪ੍ਰਭ ਪੁਰਖ ਦਇਆਲਾ, ਕੀਮਤਿ ਕਹਣੁ ਨ ਜਾਈ ॥੩॥੧॥੯॥ ਜਿਸ ਮਾਲਕ ਦਾ ਉਹ ਦਾਸ ਸੀ, ਉਸ ਨੇ (ਸਾਰੇ ਦੁੱਖਾਂ ਬਿਘਨਾਂ ਤੋਂ) ਬਚਾ ਲਿਆ ਹੈ ਅਤੇ ਸਾਰੀਆਂ ਜੁਗਤੀਆਂ ਬਣ ਆਈਆਂ (ਕੰਮ ਆ ਗਈਆਂ) ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ (ਅਜੇਹਾ) ਦਿਆਲੂ ਪੁਰਖ ਹੈ, (ਉਸ ਦੀ ਕੀਮਤ ਕਹੀ ਨਹੀਂ ਜਾ ਸਕਦੀ।੩।੧।੯।

ਪਦਾਰਥ = ਤਿਪਦੇ–ਤਿੰਨ ਪਦਿਆਂ ਵਾਲੇ ਸ਼ਬਦ।ਬਿਨਸੇ–ਨਾਸ਼ ਹੋ ਗਏ।ਜਲਨਿ–ਸੜਨ।ਬੁਝਾਈ–ਬੁਝਾ (ਮਿਟਾ) ਦਿਤੀ।ਨਿਧਾਨੁ–ਖਜਾਨਾ।ਦ੍ਰਿੜਾਇਆ–(ਮਨ ਵਿਚ) ਪੱਕਾ ਕਰ ਦਿਤਾ।ਨ ਆਵੈ ਜਾਈ–ਆਉਂਦਾ ਜਾਂਦਾ (ਜੰਮਦਾ ਮਰਦਾ) ਨਹੀਂ।੧।ਤੂਟੇ–ਟੁੱਟ ਗਏ। ਭਏ–ਹੋਏ।ਛੂਟੇ–ਛੁਟ ਗਏ।੧।ਰਹਾਉ।ਭਗਤਿ ਪ੍ਰੇਮ ਰਸਿ–ਭਗਤੀ ਦੇ ਪ੍ਰੇਮ ਰਸ ਵਿਚ।ਮਾਤਾ–ਮਸਤ।ਹਰਖ–ਖੁਸ਼ੀ।ਸੋਗ–ਗਮੀ। ਦੁਹੁ ਮਾਹਿ–ਦੋਹਾਂ ਵਿਚ।ਨਿਰਾਲਾ–ਨਿਰਲੇਪ; ਵੱਖਰਾ।ਕਰਣੈਹਾਰੁ–ਰਚਨਹਾਰ ਹਰੀ।੨।ਸਾ–ਸੀ।ਰਖਿ ਲੀਆ–ਬਚਾ ਲਿਆ।ਸਗਲ–ਸਾਰੀਆਂ।ਜੁਗਤਿ–ਜੁਗਤੀਆਂ (ਵਿਧੀਆਂ)।ਬਣਿ ਆਈ–ਬਣ ਆਈਆਂ (ਕੰਮ ਆ ਗਈਆਂ) ਹਨ।੩।੧।੯।

ਗੂਜਰੀ ਮਹਲਾ ੫ ਦੁਪਦੇ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਪਤਿਤ ਪਵਿਤ੍ਰ ਲੀਏ ਕਰਿ ਅਪੁਨੇ, ਸਗਲ ਕਰਤ ਨਮਸਕਾਰੋ ॥ ਬਰਨੁ ਜਾਤਿ ਕੋਊ ਪੂਛੈ ਨਾਹੀ, ਬਾਛਹਿ ਚਰਨ ਰਵਾਰੋ ॥੧॥ ਠਾਕੁਰ ਐਸੋ ਨਾਮੁ ਤੁਮ੍ਾਰੋ ॥ ਸਗਲ ਸ੍ਰਿਸਟਿ ਕੋ ਧਣੀ ਕਹੀਜੈ, ਜਨ ਕੋ ਅੰਗੁ ਨਿਰਾਰੋ ॥੧॥ਰਹਾਉ॥ ਸਾਧ ਸੰਗਿ ਨਾਨਕ ਬੁਧਿ ਪਾਈ, ਹਰਿ ਕੀਰਤਨੁ ਆਧਾਰੋ ॥ ਨਾਮ ਦੇਉ ਤ੍ਰਿਲੋਚਨੁ ਕਬੀਰ ਦਾਸਰੋ, ਮੁਕਤਿ ਭਇਓ ਚੰਮਿਆਰੋ ॥੨॥੧॥੧੦॥ (ਹੇ ਭਾਈ! ਪ੍ਰਭੂ ਨੇ ਜਿਹੜੇ) ਪਾਪੀ ਮਨੁੱਖ ਅਪਨੇ ਸੇਵਕ ਬਣਾ ਕੇ ਪਵਿਤ੍ਰ ਕਰ ਲਏ ਹਨ, (ਹੁਣ ਉਨ੍ਹਾਂ ਨੂੰ) ਸਾਰੇ ਲੋਕ ਨਮਸ਼ਕਾਰ ਕਰਦੇ ਹਨ। ਕੋਈ ਨਹੀਂ ਪੁੱਛਦਾ ਕਿ (ਉਨ੍ਹਾਂ ਦੀ) ਜਾਤ ਕਿਹੜੀ ਹੈ ਜਾਂ ਵਰਨ ਕਿਹੜਾ ਹੈ? (ਸੱਗੋਂ ਸਾਰੇ ਲੋਕ ਉਨ੍ਹਾਂ ਦੇ) ਚਰਨਾਂ ਦੀ ਧੂੜੀ ਮੰਗਦੇ ਹਨ।੧।ਹੇ ਠਾਕੁਰ! ਐਸਾ ਤੁਹਾਡਾ (ਪਤਿਤ ਪਾਵਨ) ਨਾਮ ਹੈ ਕਿ (ਆਪ ਜੀ) ਸਾਰੀ ਸ੍ਰਿਸਟੀ ਦੇ ਮਾਲਕ ਕਹੇ ਜਾਂਦੇ ਹੋ ਅਤੇ ਅਪਣੇ ਦਾਸਾਂ ਦਾ ਪੱਖ ਕਰਕੇ ਨਿਰਾਲਾ ਕੰਮ ਕੀਤਾ ਹੈ।੧।ਰਹਾਉ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ) ਸਾਧ ਸੰਗਤ ਦੁਆਰਾ (ਸ੍ਰੇਸ਼ਟ) ਬੁੱਧੀ ਪਾ ਲਈ ਹੈ, ਹਰੀ ਦੇ ਕੀਰਤਨ ਨੂੰ (ਉਸ ਨੇ ਅਪਣੇ ਜੀਵਨ ਦਾ) ਆਸਰਾ ਬਣਾ ਲਿਆ ਹੈ।(ਹੇ ਪ੍ਰਭੂ! ਤੇਰੇ) ਸੇਵਕ ਨਾਮ ਦੇਵ, ਤ੍ਰਿਲੋਚਨ, ਕਬੀਰ ਤੇ ਚਮਾਰ ਜਾਤੀ ਦਾ ਰਵਿਦਾਸ (ਨਾਮ ਦੇ ਪ੍ਰਤਾਪ ਕਰਕੇ) ਮੁਕਤ ਹੋ ਗਏ ਹਨ।੨।੧।੧੦।(ਹਰੀ ਦਾ ਨਾਮ ਨੀਚ ਜਾਤ ਦੇ ਪੁਰਖਾਂ ਨੂੰ ਵੀ ਪੂਜਨੀਕ ਬਣਾ ਦੇਂਦਾ ਹੈ)

ਪਦਾਰਥ = ਦੁਪਦੇ-ਦੋ ਪਦਿਆਂ ਵਾਲੇ ਸ਼ਬਦ।ਪਤਿਤ-ਧਰਮ ਕਰਮ ਤੋਂ ਡਿਗਿਆ ਹੋਇਆ ਮਨੁੱਖ; ਪਾਪੀ।ਲੀਏ ਕਰਿ-ਬਣਾ ਲਏ। ਸਗਲ-ਸਾਰੇ।ਕਰਤ-ਕਰਦੇ ਹਨ।ਬਰਨੁ-(ਖਤ੍ਰੀ, ਬਾਮ੍ਹਣ ਆਦਿ) ਵਰਨ (ਰੰਗ ਜਾਂ ਜਾਤੀ ਵੰਡ)।ਬਾਛਹਿ-ਚਾਹੁੰਦੇ (ਮੰਗਦੇ) ਹਨ। ਰਵਾਰੋ-ਧੂੜੀ।੧।ਠਾਕੁਰ-ਹੇ ਸੁਆਮੀ (ਮਾਲਕ ਪ੍ਰਭੂ)!।ਐਸੋ-ਅਜੇਹਾ (ਪਤਿਤ ਪਾਵਨ)।ਸਗਲ-ਸਾਰੀ।ਧਣੀ-ਮਾਲਕ।ਕਹੀਜੈ-ਕਹੇ ਜਾਂਦੇ ਹੋ।ਜਨ ਕੋ-ਸੇਵਕਾਂ ਦਾ।ਅੰਗੁ-ਪੱਖ; ਸਹਾਇਤਾ।ਨਿਰਾਰੋ-ਅਜੀਬ; ਅਨੋਖਾ; ਖਾਸ ਕਰਕੇ (ਸੰ.ਸ.; ਮ.ਕੋ.।੧।ਰਹਾਉ।ਆਧਾਰੋ -ਆਸਾਰਾ।ਭਇਓ-ਹੋ ਗਏ।ਚਮਿਆਰੋ-ਚਮਾਰ ਜਾਤੀ ਦਾ ਰਵਿਦਾਸ।੨।੧।੧੦।

ਗੂਜਰੀ ਮਹਲਾ ੫ ॥ ਹੈ ਨਾਹੀ ਕੋਊ ਬੂਝਨਹਾਰੋ, ਜਾਨੈ ਕਵਨੁ ਭਤਾ ॥ ਸਿਵ ਬਿਰੰਚਿ ਅਰੁ ਸਗਲ ਮੋਨਿ ਜਨ, ਗਹਿ ਨ ਸਕਾਹਿ ਗਤਾ ॥੧॥ ਪ੍ਰਭ ਕੀ ਅਗਮ ਅਗਾਧਿ ਕਥਾ ॥ ਸੁਨੀਐ ਅਵਰ ਅਵਰ ਬਿਧਿ ਬੁਝੀਐ, ਬਕਨ ਕਥਨ ਰਹਤਾ ॥੧॥ਰਹਾਉ॥ ਆਪੇ ਭਗਤਾ ਆਪਿ ਸੁਆਮੀ, ਆਪਨ ਸੰਗਿ ਰਤਾ ॥ ਨਾਨਕ ਕੋ ਪ੍ਰਭੁ ਪੂਰਿ ਰਹਿਓ ਹੈ, ਪੇਖਿਓ ਜਤ੍ਰ ਕਤਾ ॥੨॥੨॥੧੧॥ (ਹੇ ਭਾਈ! ਹਰੀ ਨੂੰ) ਕੋਈ ਮਨੁੱਖ ਪੂਰੀ ਤਰ੍ਹਾਂ ਬੁਝਣ ਵਾਲਾ ਨਹੀਂ ਹੈ, ਕੌਣ (ਉਸ ਨੂੰ) ਜਾਣ ਸਕਦਾ ਹੈ ਕਿ ਉਹ ਕਿਸ ਪ੍ਰਕਾਰ ਦਾ ਹੈ? ਸ਼ਿਵ, ਬ੍ਰਹਮਾ (ਜੋ ਦੁਨੀਆਂ ਨੂੰ ਰਚਨ ਵਾਲਾ ਮੰਨੀਦਾ ਹੈ) ਅਤੇ ਸਾਰੇ ਮੁਨੀ ਜਨ ਹਰੀ ਦੀ ਅਵਸਥਾ ਨੂੰ ਪਕੜ (ਪੂਰੀ ਤਰ੍ਹਾਂ ਸਮਝ) ਨਹੀਂ ਸਕਦੇ।੧।ਪ੍ਰਭੂ ਦੀ ਕਥਾ (ਸਿਫਤ ਸਲਾਹ) ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਅਤਿਅੰਤ ਗੰਭੀਰ ਹੈ।(ਉਸ ਦੀ ਕਥਾ ਵਿਦਵਾਨਾਂ ਪਾਸੋਂ) ਸੁਣੀ ਕੁਛ ਹੋਰ ਜਾਂਦੀ ਹੈ ਤੇ ਸਮਝੀ ਕੁਛ ਹੋਰ ਤਰ੍ਹਾਂ ਜਾਂਦੀ ਹੈ, (ਕਿਉਂਕਿ ਪ੍ਰਭੂ) ਕਹਿਣ ਤੇ ਵਰਨਣ ਤੋਂ ਰਹਿਤ ਹੈ।੧।ਰਹਾਉ।(ਪ੍ਰਭੂ) ਆਪ ਹੀ ਭਗਤ ਰੂਪ ਹੈ ਤੇ ਆਪ ਹੀ (ਭਗਤਾਂ ਦਾ) ਸੁਆਮੀ ਰੂਪ ਹੈ ਅਤੇ (ਭਗਤ ਤੇ ਸੁਆਮੀ ਰੂਪ ਹੋ ਕੇ) ਅਪਣੇ ਨਾਲ ਆਪ ਹੀ ਮਸਤ ਹੈ। ਨਾਨਕ ਦਾ ਪ੍ਰਭੂ (ਸਾਰੇ ਜਗਤ ਵਿਚ) ਪੂਰਨ ਹੋ ਰਿਹਾ ਹੈ ਅਤੇ (ਉਸ ਨੂੰ) ਜਿਥੇ ਕਿਥੇ (ਸਭ ਥਾਂ ਵਸਦਾ) ਦੇਖ ਲਿਆ ਹੈ।੨।੨।੧੧।

ਪਦਾਰਥ = ਕੋਊ-ਕੋਈ ਵੀ।ਬੂਝਨਹਾਰੋ-ਸਮਝਣ ਵਾਲਾ।ਕਵਨੁ-ਕੌਣ।ਭਤਾ-ਕਿਸ ਤਰ੍ਹਾਂ (ਪ੍ਰਕਾਰ) ਦਾ ਹੈ।ਬਿਰੰਚਿ-(ਦੁਨੀਆਂ ਨੂੰ ਪੈਦਾ ਕਰਨ ਵਾਲਾ) ਬ੍ਰਹਮਾ।ਅਰੁ-ਅਤੇ।ਸਗਲ-ਸਾਰੇ।ਮੋਨਿ ਜਨ-ਮੁਨੀ ਲੋਕ; ਸਾਧੂ ਜਨ।ਗਹਿ ਨ ਸਕਾਹਿ-ਪਕੜ ਨਹੀਂ ਸਕਦੇ। ਗਤਾ-ਹਾਲਤ।੧।ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ; ਸੋਚ ਸਮਝ ਤੋਂ ਪਰੇ।ਅਗਾਧਿ-ਅਤਿਅੰਤ ਗੰਭੀਰ (ਜਿਸ ਦਾ ਅੰਤ ਮਨ ਤੇ ਬੁਧੀ ਤੋਂ ਜਾਣਿਆ ਨਹੀਂ ਜਾਂਦਾ)।ਸੁਨੀਐ-ਸੁਣੀ ਜਾਂਦੀ ਹੈ।ਅਵਰ ਬਿਧਿ-ਹੋਰ ਤਰ੍ਹਾਂ ਦੀ।ਬੁਝੀਐ-ਸਮਝੀ ਜਾਂਦੀ ਹੈ।ਬਕਨ-ਕਹਿਣ ਤੋਂ।ਕਥਨ-ਵਰਨਣ ਤੋਂ।ਰਹਤਾ-ਰਹਿਤ (ਬਿਨਾ; ਪਰੇ)।੧।ਰਹਾਉ।ਭਗਤਾ-ਭਗਤ।ਸੁਆਮੀ-ਮਾਲਕ ਪ੍ਰਭੂ।ਸੰਗਿ-ਨਾਲ।ਰਤਾ- ਮਸਤ; ਰਚਿਆ ਮਿਚਿਆ।ਕੋ-ਦਾ।ਪੂਰਿ ਰਹਿਓ-ਵਿਆਪਕ ਹੋ ਰਿਹਾ ਹੈ।ਜਤ੍ਰ ਕਤਾ-ਜਿਥੇ ਕਿਥੇ (ਹਰ ਥਾਂ)।੨।੨।੧੧।

ਗੂਜਰੀ ਮਹਲਾ ੫ ॥ ਮਤਾ ਮਸੂਰਤਿ ਅਵਰ ਸਿਆਨਪ, ਜਨ ਕਉ ਕਛੂ ਨ ਆਇਓ ॥ ਜਹ ਜਹ ਅਉਸਰੁ ਆਇ ਬਨਿਓ ਹੈ, ਤਹਾ ਤਹਾ ਹਰਿ ਧਿਆਇਓ ॥੧॥ ਪ੍ਰਭ ਕੋ ਭਗਤਿ ਵਛਲੁ ਬਿਰਦਾਇਓ ॥ ਕਰੇ ਪ੍ਰਤਿਪਾਲ ਬਾਰਿਕ ਕੀ ਨਿਆਈ, ਜਨ ਕਉ ਲਾਡ ਲਡਾਇਓ ॥੧॥ਰਹਾਉ॥ ਜਪ ਤਪ ਸੰਜਮ ਕਰਮ ਧਰਮ, ਹਰਿ ਕੀਰਤਨੁ ਜਨਿ ਗਾਇਓ ॥ ਸਰਨਿ ਪਰਿਓ ਨਾਨਕ ਠਾਕੁਰ ਕੀ, ਅਭੈ ਦਾਨੁ ਸੁਖੁ ਪਾਇਓ ॥੨॥੩॥੧੨॥ (ਹੇ ਭਾਈ!) ਸਲਾਹ ਮਸ਼ਵਰਾ ਕਰਨਾ ਅਤੇ ਹੋਰ ਸਿਆਣਪਾਂ ਹਰੀ ਦੇ ਦਾਸਾਂ ਨੂੰ (ਇਹੋ ਜਿਹਾ) ਕੁਛ ਨਹੀਂ ਆਉਂਦਾ।ਜਿਥੇ ਜਿਥੇ (ਕੋਈ ਔਖਾ) ਮੌਕਾ ਆ ਬਣਿਆ ਹੈ, ਉਥੇ ਉਥੇ (ਸੇਵਕਾਂ ਨੇ) ਹਰੀ ਨੂੰ ਹੀ ਧਿਆਇਆ ਹੈ।੧।ਪ੍ਰਭੂ ਦਾ ਸੁਭਾਉ (ਇਹ ਹੈ ਕਿ ਉਹ) ਭਗਤੀ ਕਰਨ ਵਾਲਿਆਂ ਦਾ ਪਿਆਰਾ ਹੈ।(ਪ੍ਰਭੂ) ਬੱਚਿਆਂ ਦੀ ਤਰ੍ਹਾਂ ਪਾਲਣਾ ਕਰਦਾ ਹੈ ਅਤੇ ਦਾਸਾਂ ਨੂੰ (ਬੱਚਿਆਂ ਵਾਂਗ) ਲਾਡ ਲਡਾਉਂਦਾ ਹੈ।੧।ਰਹਾਉ।ਸੇਵਕ ਨੇ (ਕੇਵਲ) ਹਰੀ ਦਾ ਕੀਰਤਨ ਗਾਇਆ ਹੈ, (ਸੇਵਕ ਲਈ ਇਹੋ ਹੀ) ਜਪ ਤਪ, ਇੰਦ੍ਰੀਆਂ ਨੂੰ ਕਾਬੂ ਕਰਨਾ ਅਤੇ (ਹੋਰ ਮਿਥੇ ਹੋਏ) ਧਰਮ ਕਰਮ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ ਦਾਸ) ਹਰੀ ਦੀ ਸ਼ਰਨ ਵਿਚ ਆ ਪਿਆ ਹੈ, (ਉਸ ਨੇ) ਨਿਡਰਤਾ ਦਾ ਦਾਨ ਤੇ ਆਤਮਕ ਸੁਖ ਪਾ ਲਿਆ ਹੈ।੨।੩।੧੨।

ਪਦਾਰਥ = ਮਤਾ–(ਅਪਣੇ ਮਨ ਨਾਲ ਸੋਚੀ) ਸਲਾਹ।ਮਸੂਰਤ–(ਹੋਰਨਾਂ ਨਾਲ ਕੀਤਾ) ਮਸ਼ਵਰਾ (ਸਲਾਹ)।ਅਵਰ–ਹੋਰ।ਜਨ ਕਉ–ਦਾਸਾਂ ਨੂੰ।ਜਹ ਜਹ–ਜਿਥੇ ਜਿਥੇ।ਅਉਸਰੁ–ਸਮਾਂ; ਮੌਕਾ।ਤਹਾ ਤਹਾ–ਉਥੇ ਉਥੇ।੧।ਪ੍ਰਭ ਕੋ–ਪ੍ਰਭੂ ਦਾ।ਭਗਤਿ ਵਛਲੁ–ਭਗਤੀ ਕਰਨ ਵਾਲਿਆਂ ਦਾ ਪਿਆਰਾ।ਬਿਰਦਾਇਓ–ਮੁੱਢ ਦਾ ਸੁਭਾਉ।ਬਾਰਿਕ ਕੀ–ਬੱਚਿਆਂ ਦੀ।ਨਿਆਈ–ਤਰ੍ਹਾਂ; ਵਾਂਗ।ਜਨ ਕਉ–ਦਾਸ ਨੂੰ।੧। ਰਹਾਉ।ਜਪ–ਇਸ਼ਟ ਦੇਵ ਨੂੰ ਖੁਸ਼ ਕਰਨ ਲਈ ਮੰਤ੍ਰਾਂ ਦਾ ਜਾਪ।ਤਪ–ਤਪੱਸਿਆ।ਸੰਜਮ–ਇੰਦ੍ਰੀਆਂ ਨੂੰ ਕਾਬੂ ਕਰਨ ਦਾ ਜਤਨ।ਕਰਮ ਧਰਮ–ਧਾਰਮਕ ਕਰਮ।ਜਨਿ–ਦਾਸ ਨੇ।ਅਭੈ ਦਾਨੁ–ਨਿਡਰਤਾ (ਭੈ ਰਹਿਤ ਪਦਵੀ) ਦੀ ਦਾਤ ੨।੩।੧੨।

ਗੂਜਰੀ ਮਹਲਾ ੫ ॥ ਦਿਨੁ ਰਾਤੀ ਆਰਾਧਹੁ ਪਿਆਰੋ, ਨਿਮਖ ਨ ਕੀਜੈ ਢੀਲਾ ॥ ਸੰਤ ਸੇਵਾ ਕਰਿ ਭਾਵਨੀ ਲਾਈਐ, ਤਿਆਗਿ ਮਾਨੁ ਹਾਠੀਲਾ ॥੧॥ ਮੋਹਨੁ ਪ੍ਰਾਨ ਮਾਨ ਰਾਗੀਲਾ ॥ ਬਾਸਿ ਰਹਿਓ ਹੀਅਰੇ ਕੈ ਸੰਗੇ, ਪੇਖਿ ਮੋਹਿਓ ਮਨੁ ਲੀਲਾ ॥੧॥ਰਹਾਉ॥ ਜਿਸੁ ਸਿਮਰਤ ਮਨਿ ਹੋਤ ਅਨੰਦਾ, ਉਤਰੈ ਮਨਹੁ ਜੰਗੀਲਾ ॥ ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ,ਨਾਨਕ ਪਰੈ ਪਰੀਲਾ ॥੨॥੪॥੧੩॥ (ਹੇ ਭਾਈ! ਉਸ) ਪਿਆਰੇ ਪ੍ਰਭੂ ਨੂੰ ਦਿਨ ਰਾਤ ਯਾਦ ਕਰੋ, (ਇਸ ਕੰਮ ਵਿਚ) ਨਿਮਖ ਭਰ ਵੀ ਢਿੱਲ ਨਹੀਂ ਕਰਨੀ ਚਾਹੀਦੀ।(ਮਨ ਦਾ) ਹਠ ਵਾਲਾ ਮਾਣ ਛਡ ਕੇ ਅਤੇ ਸੰਤਾਂ ਦੀ ਸੇਵਾ ਕਰਕੇ (ਪ੍ਰਭੂ ਨਾਲ) ਸ਼ਰਧਾ ਭਾਵਨਾ ਲਾਉਣੀ ਚਾਹੀਦੀ ਹੈ।੧।ਪ੍ਰਾਣਾਂ ਦਾ ਮਾਣ (ਜੀਵਨ ਦਾ ਸ਼ਿੰਗਾਰ) ਚੋਜੀ ਮੋਹਨ ਪ੍ਰਭੂ ਹਿਰਦੇ ਦੇ ਨਾਲ ਵਸ ਰਿਹਾ ਹੈ, ਮਨ ਉਸ ਦੀ ਲੀਲਾ ਦੇਖ ਕੇ ਮੋਹਿਆ ਗਿਆ ਹੈ।੧।ਰਹਾਉ।ਜਿਸ ਪ੍ਰਭੂ ਨੂੰ ਸਿਮਰਦਿਆਂ ਮਨ ਵਿਚ ਅਨੰਦ ਪੈਦਾ ਹੁੰਦਾ ਹੈ ਅਤੇ ਮਨ ਤੋਂ (ਵਿਕਾਰਾਂ ਦੀ) ਮੈਲ ਉਤਰ ਜਾਂਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਮੈਂ ਪ੍ਰਭੂ ਨੂੰ) ਮਿਲਣ ਦੀ ਮਹਿਮਾ ਬਿਆਨ ਨਹੀਂ ਕਰ ਸਕਦਾ, (ਉਹ ਤੇ ਉਸ ਦੀ ਮਹਿਮਾ) ਪਰੇ ਤੋਂ ਪਰੇ ਹੈ।੨।੪।੧੩।

ਪਦਾਰਥ = ਰਾਤੀ–ਰਾਤ।ਪਿਆਰੋ–ਪਿਆਰੇ ਪ੍ਰਭੂ ਨੂੰ।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਢੀਲਾ–ਢਿੱਲ; ਆਲਸ; ਦੇਰ।ਭਾਵਨੀ–ਸ਼ਰਧਾ।ਤਿਆਗਿ–ਛਡ ਕੇ।ਮਾਨੁ–ਮਾਣ।ਹਾਠੀਲਾ–ਹਠ ਵਾਲਾ।੧।ਮੋਹਨੁ–ਮਨ ਨੂੰ ਮੋਹ ਲੈਣ ਵਾਲਾ ਪ੍ਰਭੂ।ਪ੍ਰਾਨ ਮਾਨ– ਪ੍ਰਾਣਾਂ ਦਾ ਮਾਣ (ਵਡਿਆਈ)।ਰਾਗੀਲਾ–ਚੋਜੀ; ਅਨੰਦ ਦਾਇਕ।ਬਾਸਿ ਰਹਿਓ–ਵਸ ਰਿਹਾ ਹੈ।ਹੀਅਰੇ ਕੈ–ਹਿਰਦੇ ਦੇ।ਸੰਗੇ–ਨਾਲ।ਪੇਖਿ–ਦੇਖ ਕੇ।ਮੋਹਿਓ–ਮੋਹਿਆ ਗਿਆ।ਲੀਲਾ–ਕੌਤਕ।੧।ਰਹਾਉ।ਮਨਿ–ਮਨ ਵਿਚ।ਹੋਤ–ਹੁੰਦਾ ਹੈ।ਮਨਹੁ–ਮਨ ਤੋਂ।ਜੰਗੀਲਾ–ਜੰਗਾਲ; ਮੈਲ ।ਮਿਲਬੇ ਕੀ–ਮਿਲਣ ਦੀ।ਬਰਨਿ ਨ ਸਾਕਉ–ਮੈਂ ਬਿਆਨ ਨਹੀਂ ਕਰ ਸਕਦਾ।ਪਰੈ ਪਰੀਲਾ–ਪਰੇ ਤੋਂ ਪਰੇ (ਬੇਅੰਤ)।੨।੪।੧੩।

ਗੂਜਰੀ ਮਹਲਾ ੫ ॥ ਮੁਨਿ ਜੋਗੀ ਸਾਸਤ੍ਰਗਿ ਕਹਾਵਤ, ਸਭ ਕੀਨ੍ੇ ਬਸਿ ਅਪਨਹੀ ॥ ਤੀਨਿ ਦੇਵ ਅਰੁ ਕੋੜਿ ਤੇਤੀਸਾ, ਤਿਨ ਕੀ ਹੈਰਤਿ ਕਛੁ ਨ ਰਹੀ ॥੧॥ ਬਲਵੰਤਿ ਬਿਆਪਿ ਰਹੀ ਸਭ ਮਹੀ ॥ ਅਵਰੁ ਨ ਜਾਨਸਿ ਕੋਊ ਮਰਮਾ, ਗੁਰ ਕਿਰਪਾ ਤੇ ਲਹੀ ॥੧॥ਰਹਾਉ॥ (ਹੇ ਭਾਈ! ਜਿਤਨੇ ਵੀ ਰਿਸ਼ੀ) ਮੁਨੀ, ਜੋਗੀ ਅਤੇ ਸ਼ਾਸਤ੍ਰਾਂ ਦੇ ਗਿਆਤਾ ਕਹਾਉਂਦੇ ਹਨ, (ਮਾਇਆ ਨੇ ਇਹ) ਸਭ ਅਪਣੇ ਵਸ ਵਿਚ ਕੀਤੇ ਹੋਏ ਹਨ।ਤਿੰਨ ਦੇਵਤੇ (ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ) ਅਤੇ ਤੇਤੀ ਕ੍ਰੋੜ ਦੇਵਤੇ (ਮਾਇਆ ਦਾ ਬਲ ਦੇਖ ਕੇ) ਉਨ੍ਹਾਂ ਦੀ ਹੈਰਾਨਗੀ ਦੀ ਕੁਛ ਹੱਦ ਨਾ ਰਹੀ।੧।ਬਲਵਾਨ ਮਾਇਆ ਸਾਰੀ ਧਰਤੀ ਉਤੇ; ਸਭ (ਜੀਵਾਂ) ਵਿਚ ਵਿਆਪ ਰਹੀ ਹੈ (ਫ.ਸ.)।ਹੋਰ ਕੋਈ (ਇਸ ਤੋਂ ਬਚਣ ਦਾ) ਭੇਤ ਨਹੀਂ ਜਾਣਦਾ, (ਇਸ ਨੂੰ ਵਸ ਕਰਨ ਦੀ ਜੁਗਤੀ ਗੁਰ ਸਿੱਖਾਂ ਨੇ) ਗੁਰੂ ਦੀ ਕ੍ਰਿਪਾ ਤੋਂ ਜਾਣੀ ਹੈ।੧।ਰਹਾਉ।

ਅੰਗ ੪੯੯ = ਜੀਤਿ ਜੀਤਿ ਜੀਤੇ ਸਭਿ ਥਾਨਾ, ਸਗਲ ਭਵਨ ਲਪਟਹੀ ॥ ਕਹੁ ਨਾਨਕ ਸਾਧ ਤੇ ਭਾਗੀ, ਹੋਇ ਚੇਰੀ ਚਰਨ ਗਹੀ ॥੨॥੫॥੧੪॥ (ਮਾਇਆ ਨੇ ਰਿਖੀ ਮੁਨੀ) ਜਿਤ ਕੇ (ਤਿੰਨੇ ਦੇਵਤੇ) ਜਿਤ ਕੇ (ਤੀਰਥ ਆਦਿ) ਸਾਰੇ ਅਸਥਾਨ ਜਿਤ ਲਏ ਹਨ, (ਇਉਂ ਇਹ) ਸਾਰੇ ਭਵਨਾਂ ਦੇ ਜੀਵਾਂ ਨੂੰ ਚਿੰਬੜੀ ਹੋਈ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਮਾਇਆ ਸਿਰਫ) ਸਾਧੂ ਤੋਂ ਦੂਰ ਭੱਜ ਜਾਂਦੀ ਹੈ ਅਤੇ ਦਾਸੀ ਹੋ ਕੇ (ਸਾਧੂ ਦੇ) ਚਰਨ ਫੜ ਲੈਂਦੀ ਹੈ।੨।੫।੧੪।

ਪਦਾਰਥ = ਮੁਨਿ–ਸਾਧੂ; ਰਿਖੀ (ਜਿਸਦਾ ਮਨ ਦੁਖ ਨਾਲ ਵਿਆਕੁਲ ਨ ਹੋਵੇ)।ਜੋਗੀ–ਜੋਗਾ ਅਭਿਆਸੀ।ਸਾਸਤ੍ਰਗਿ–ਸ਼ਾਸਤ੍ਰਾਂ ਦੇ ਜਾਨਣ ਵਾਲੇ।ਕਹਾਵਤ–ਕਹਾਉਂਦੇ ਹਨ।ਕੀਨ੍ੇ–ਕੀਤੇ ਹੋਏ ਹਨ।ਬਸਿ ਅਪਨਹੀ–ਅਪਣੇ ਵਸ ਵਿਚ।ਤੀਨਿ ਦੇਵ–ਤਿੰਨ ਪ੍ਰਮੁਖ ਦੇਵਤੇ (ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ)।ਅਰੁ–ਅਤੇ।ਕੋੜਿ ਤੇਤੀਸਾ–ਤੇਤੀ ਕ੍ਰੋੜ ਦੇਵਤੇ।ਤਿਨ ਕੀ–ਉਨ੍ਹਾਂ ਦੀ।ਹੈਰਤਿ–ਹੈਰਾਨਗੀ (ਸ਼ਬਦਾਰਥ; ਦਰਪਣ; ਸੰ.ਪੋ.) ਹੋਸ਼; ਅਕਲ; ਵਡਿਆਈ; ਹੈਸੀਅਤ (ਸੰ.ਸ.; ਫ.ਸ.; ਟਕਸਾਲ; ਗੁ.ਗ੍ਰੰ. ਕੋਸ਼)।ਨ ਰਹੀ–ਨਹੀਂ ਰਹਿ ਗਈ।੧। ਬਲਵੰਤਿ–ਬਲਵਾਨ।ਬਿਆਪਿ–ਵਿਆਪ ਰਹੀ (ਫੈਲੀ ਹੋਈ) ਹੈ।ਸਭ ਮਹੀ–ਸਭ (ਜੀਵਾਂ) ਵਿਚ; ਸਾਰੀ ਧਰਤੀ ਉਤੇ।ਅਵਰੁ–ਹੋਰ। ਮਰਮਾ–ਭੇਤ।ਤੇ–ਤੋਂ; ਨਾਲ।ਲਹੀ–(ਲਖੀ) ਦੇਖੀ; ਜਾਣੀ; ਮਾਲੂਮ ਕੀਤੀ।੧।ਰਹਾਉ।ਜੀਤਿ ਜੀਤਿ–ਜਿਤ ਜਿਤ ਕੇ।ਜੀਤੇ–ਜਿਤ ਲਏ ਹਨ।ਥਾਨਾ–ਅਸਥਾਨ।ਸਗਲ ਭਵਨ–ਸਾਰੇ ਲੋਕਾਂ (ਦੇ ਜੀਵਾਂ) ਨੂੰ।ਲਪਟਹੀ–ਚਿੰਬੜੀ ਹੋਈ ਹੈ।ਸਾਧ ਤੇ–ਸਾਧੂ ਤੋਂ।ਭਾਗੀ–ਭੱਜ ਗਈ।ਹੋਏ ਚੇਰੀ–ਦਾਸੀ ਹੋ ਕੇ।ਚਰਨ ਗਹੀ–ਚਰਨ ਫੜਦੀ ਹੈ।੨।੫।੧੪।

ਗੂਜਰੀ ਮਹਲਾ ੫ ॥ ਦੁਇ ਕਰ ਜੋੜਿ ਕਰੀ ਬੇਨੰਤੀ, ਠਾਕੁਰੁ ਅਪਨਾ ਧਿਆਇਆ ॥ ਹਾਥ ਦੇਇ ਰਾਖੇ ਪਰਮੇਸਰਿ, ਸਗਲਾ ਦੁਰਤੁ ਮਿਟਾਇਆ ॥੧॥ ਠਾਕੁਰ ਹੋਏ ਆਪਿ ਦਇਆਲ ॥ ਭਈ ਕਲਿਆਣ ਆਨੰਦ ਰੂਪ ਹੁਈ ਹੈ, ਉਬਰੇ ਬਾਲ ਗੁਪਾਲ ॥੧॥ਰਹਾਉ॥ ਮਿਲਿ ਵਰ ਨਾਰੀ ਮੰਗਲੁ ਗਾਇਆ, ਠਾਕੁਰ ਕਾ ਜੈਕਾਰੁ ॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ, ਜਿਨਿ ਸਭ ਕਾ ਕੀਆ ਉਧਾਰੁ ॥੨॥੬॥

੧੫॥ (ਹੇ ਭਾਈ! ਜਦ ਅਸੀਂ) ਦੋਵੇਂ ਹੱਥ ਜੋੜ ਕੇ (ਪ੍ਰਭੂ ਅੱਗੇ) ਬੇਨਤੀ ਕੀਤੀ ਤੇ ਅਪਣੇ ਮਾਲਕ ਪ੍ਰਭੂ ਨੂੰ ਸਿਮਰਿਆ। ਪ੍ਰਮੇਸਰ ਨੇ ਹੱਥ ਦੇ ਕੇ (ਮੁਸੀਬਤਾਂ ਤੋਂ) ਰੱਖਿਆ ਕੀਤੀ ਅਤੇ ਸਾਰਾ ਪਾਪ ਹੀ ਮਿਟਾ ਦਿਤਾ।੧।(ਜਦ ਸਾਡੇ ਉਤੇ) ਮਾਲਕ ਪ੍ਰਭੂ ਜੀ ਆਪ ਦਿਆਲ ਹੋਏ। ਤਾਂ ਸੁੱਖ ਸ਼ਾਂਤੀ ਹੋ (ਵਰਤ) ਗਈ, (ਮਾਨਸਕ ਬ੍ਰਿਤੀ) ਅਨੰਦ ਰੂਪ ਹੋ ਗਈ ਹੈ ਅਤੇ (ਪ੍ਰਭੂ ਦੀ ਕ੍ਰਿਪਾ ਨਾਲ ਅਸੀਂ) ਪਿਆਰ ਬੱਚੇ (ਦੁੱਖਾਂ ਤੋਂ) ਬਚ ਗਏ ਹਾਂ।੧। ਰਹਾਉ। ਸ੍ਰੇਸਟ ਇਸਤ੍ਰੀਆਂ (ਗੁਰਮੁਖਾਂ) ਨੇ; ਗੁਰਮੁਖ ਇਸਤ੍ਰੀਆਂ ਨੇ ਪਤੀ ਪ੍ਰਭੂ ਨੂੰ ਮਿਲ ਕੇ ਮਾਲਕ ਪ੍ਰਭੂ ਦਾ ਜੈ ਜੈ ਕਾਰ ਕੀਤਾ ਅਤੇ ਮੰਗਲ ਗਾਇਆ। ਨਾਨਕ ਗੁਰੂ ਜੀ ਆਖਦੇ ਹਨ ਕਿ ਅਸੀਂ ਉਸ ਗੁਰੂ ਤੋਂ ਬਲਹਾਰ ਜਾਂਦੇ ਹਾਂ, ਜਿਸ ਨੇ ਸਭ (ਸੇਵਕਾਂ) ਦਾ ਉਧਾਰ ਕੀਤਾ ਹੈ।੨।੬।੧੫।

ਪਦਾਰਥ = ਦੁਇ ਕਰ–ਦੋਵੇਂ ਹੱਥ। ਜੋੜਿ–ਜੋੜ ਕੇ। ਕਰੀ–ਕੀਤੀ। ਦੇਇ–ਦੇ ਕੇ। ਪਰਮੇਸਰਿ–ਪ੍ਰਮੇਸਰ ਨੇ। ਸਗਲਾ ਦੁਰਤੁ–ਸਾਰਾ ਪਾਪ ।੧। ਠਾਕੁਰ–ਮਾਲਕ ਪ੍ਰਭੂ ਜੀ। ਭਈ–ਹੋ ਗਈ। ਕਲਿਆਣ–ਸੁੱਖ ਸ਼ਾਂਤੀ। ਹੁਈ ਹੈ–ਹੋਈ ਹੈ। ਉਬਰੇ–ਬਚ ਗਏ। ਬਾਲ ਗੁਪਾਲ–ਪਿਆਰੇ ਬੱਚੇ (ਸੇਵਕ)।੧। ਰਹਾਉ। ਮਿਲਿ–ਮਿਲ ਕੇ। ਵਰ ਨਾਰੀ–ਸ੍ਰੇਸਟ ਇਸਤ੍ਰੀਆਂ (ਗੁਰਮੁਖਾਂ) ਨੇ; ਪ੍ਰਭੂ ਪਤੀ ਨੂੰ। ਮੰਗਲੁ–ਖੁਸ਼ੀ ਦਾ ਗੀਤ (ਜਸ)। ਜੈਕਾਰੁ–ਜੈ ਜੈ ਕਾਰ (ਫਤ੍ਹੇ ਦਾ ਜਸ)। ਬਲਿਹਾਰੀ–ਕੁਰਬਾਨ। ਜਿਨਿ–ਜਿਸ ਨੇ। ਉਧਾਰ–ਪਾਰ ਉਤਾਰਾ; ਮੁਕਤੀ।੨।੬।੧੫।

ਗੂਜਰੀ ਮਹਲਾ ੫ ॥ ਮਾਤ ਪਿਤਾ ਭਾਈ ਸੁਤ ਬੰਧਪ, ਤਿਨ ਕਾ ਬਲੁ ਹੈ ਥੋਰਾ ॥ ਅਨਿਕ ਰੰਗ ਮਾਇਆ ਕੇ ਪੇਖੇ, ਕਿਛੁ ਸਾਥਿ ਨ ਚਾਲੈ ਭੋਰਾ ॥੧॥ ਠਾਕੁਰ ਤੁਝ ਬਿਨੁ ਆਹਿ ਨ ਮੋਰਾ ॥ ਮੋਹਿ ਅਨਾਥ ਨਿਰਗੁਨ ਗੁਣੁ ਨਾਹੀ, ਮੈ ਆਹਿਓ ਤੁਮ੍ਰਾ ਧੋਰਾ ॥੧॥ਰਹਾਉ॥ ਬਲਿ ਬਲਿ ਬਲਿ ਬਲਿ ਚਰਣ ਤੁਮ੍ਾਰੇ, ਈਹਾ ਊਹਾ ਤੁਮ੍ਾਰਾ ਜੋਰਾ ॥ ਸਾਧ ਸੰਗਿ ਨਾਨਕ ਦਰਸੁ ਪਾਇਓ, ਬਿਨਸਿਓ ਸਗਲ ਨਿਹੋਰਾ ॥੨॥੭॥੧੬॥ ਮਾਤਾ ਪਿਤਾ ਭਰਾ ਪੁਤ੍ਰ ਆਦਿਕ ਜਿਤਨੇ ਵੀ ਸਬੰਧੀ ਹਨ, ਉਨ੍ਹਾਂ ਦਾ ਬਲ ਥੋੜਾ ਹੈ (ਇਨ੍ਹਾਂ ਦਾ ਬਲ ਪ੍ਰਲੋਕ ਵਿਚ ਮੱਦਤ ਨਹੀਂ ਕਰਦਾ)। ਮਾਇਆ ਦੇ ਅਨੇਕਾਂ ਰੰਗ ਵੀ ਦੇਖੇ ਹਨ, (ਇਨ੍ਹਾਂ ਵਿਚੋਂ) ਰੰਚਕ ਮਾਤ੍ਰ ਕੁਛ ਵੀ ਨਾਲ ਨਹੀਂ ਚਲਦਾ।੧। ਹੇ ਠਾਕੁਰ! ਤੇਰੇ ਬਿਨਾ ਮੇਰਾ ਕੋਈ ਵੀ (ਸਹਾਈ) ਨਹੀਂ ਹੈ। ਮੈਂ ਅਨਾਥ ਹਾਂ, ਗੁਣ ਹੀਣ ਹਾਂ, (ਮੇਰੇ ਵਿਚ ਕੋਈ) ਗੁਣ ਨਹੀਂ, (ਇਸ ਲਈ) ਮੈਂ ਤੁਹਾਡਾ ਆਸਰਾ ਚਾਹਿਆ (ਤੱਕਿਆ) ਹੈ।੧। ਰਹਾਉ। ਮੈਂ ਤੁਹਾਡੇ ਚਰਣਾਂ ਤੋਂ (ਮਨ ਤਨ ਤੇ ਬਾਣੀ ਕਰਕੇ) ਬਲਹਾਰ ਜਾਂਦਾ ਹਾਂ, ਇਸ ਲੋਕ ਤੇ ਉਸ ਲੋਕ (ਪ੍ਰਲੋਕ) ਵਿਚ ਮੈਨੂੰ ਤੁਹਾਡੇ ਬਲ ਦਾ ਹੀ (ਆਸਰਾ) ਹੈ। ਨਾਨਕ ਨੇ (ਜਦ ਤੋਂ) ਸਾਧ ਸੰਗਤ ਕਰਕੇ (ਆਪ ਜੀ ਦਾ) ਦਰਸ਼ਨ ਪਾਇਆ ਹੈ, (ਉਦੋਂ ਤੋਂ ਹੋਰਨਾਂ ਦਾ) ਸਾਰਾ ਅਹਿਸਾਨ ਮੁੱਕ ਗਿਆ (ਕਿਸੇ ਦੀ ਖੁਸ਼ਾਮਦ ਨਹੀਂ ਰਹੀ)।੨।੭।੧੬।

ਪਦਾਰਥ = ਮਾਤ–ਮਾਤਾ। ਸੁਤ–ਪੁਤ੍ਰ। ਬੰਧਪ–ਰਿਸ਼ਤੇਦਾਰ। ਤਿਨ ਕਾ–ਉਨ੍ਹਾਂ ਦਾ। ਥੋਰਾ–ਥੋੜਾ। ਰੰਗ–ਅਨੰਦ; ਖੇਲ। ਪੇਖੇ–ਦੇਖੇ। ਸਾਥਿ–ਨਾਲ। ਭੋਰਾ–ਰੰਚਕ ਮਾਤ੍ਰ।੧। ਠਾਕੁਰ–ਹੇ ਸੁਆਮੀ!। ਆਹਿ–ਹੈ। ਮੋਰਾ–ਮੇਰਾ। ਮੋਹਿ–ਮੈਂ। ਅਨਾਥ–ਯਤੀਮ; ਮੁਹਤਾਜ। ਨਿਰਗੁਨ–ਗੁਣ ਹੀਣ। ਆਹਿਓ–ਚਾਹਿਆ (ਤੱਕਿਆ)। ਧੋਰਾ–ਆਸਰਾ।੧। ਰਹਾਉ। ਬਲਿ–ਕੁਰਬਾਨ। ਈਹਾ–ਇਸ ਲੋਕ ਵਿਚ। ਊਹਾ–ਉਸ ਲੋਕ ਵਿਚ (ਪ੍ਰਲੋਕ ਵਿਚ)। ਜੋਰਾ–ਬਲ। ਬਿਨਸਿਓ–ਮੁੱਕ ਗਿਆ। ਸਗਲ–ਸਾਰਾ। ਨਿਹੋਰਾ। ਅਹਿਸਾਨ; ਖੁਸ਼ਾਮਦ।੨।੭।੧੬।

ਗੂਜਰੀ ਮਹਲਾ ੫ ॥ ਆਲ ਜਾਲ ਭ੍ਰਮ ਮੋਹ ਤਜਾਵੈ, ਪ੍ਰਭ ਸੇਤੀ ਰੰਗੁ ਲਾਈ ॥ ਮਨ ਕਉ ਇਹ ਉਪਦੇਸੁ ਦ੍ਰਿੜਾਵੈ, ਸਹਜਿ ਸਹਜਿ ਗੁਣ ਗਾਈ ॥੧॥ ਸਾਜਨ ਐਸੋ ਸੰਤੁ ਸਹਾਈ ॥ ਜਿਸੁ ਭੇਟੇ ਤੂਟਹਿ ਮਾਇਆ ਬੰਧ, ਬਿਸਰਿ ਨ ਕਬਹੂੰ ਜਾਈ ॥੧॥ਰਹਾਉ॥ ਕਰਤ ਕਰਤ ਅਨਿਕ ਬਹੁ ਭਾਤੀ, ਨੀਕੀ ਇਹ ਠਹਰਾਈ ॥ ਮਿਲਿ ਸਾਧੂ ਹਰਿ ਜਸੁ ਗਾਵੈ ਨਾਨਕ, ਭਵਜਲੁ ਪਾਰਿ ਪਰਾਈ ॥੨॥੮॥੧੭॥ (ਹੇ ਭਾਈ! ਸੰਤ ਸਤਿਗੁਰੂ) ਘਰ ਦੇ ਬੰਧਨ, ਭਰਮ ਤੇ ਮੋਹ ਛੁਡਾ ਦੇਂਦਾ ਹੈ ਅਤੇ ਪ੍ਰਭੂ ਨਾਲ ਪ੍ਰੇਮ ਲਗਾ ਦੇਂਦਾ ਹੈ। ਮਨ ਨੂੰ ਇਹ ਉਪਦੇਸ਼ ਦ੍ਰਿੜ ਕਰਾ ਦੇਂਦਾ ਹੈ ਕਿ ਸਹਜੇ ਸਹਜੇ (ਸੁਭਾਵਕ ਹੀ ਮਨੁੱਖ ਪ੍ਰੇਮ ਨਾਲ ਹਰੀ ਦੇ) ਗੁਣ ਗਾਈ ਜਾਵੇ।੧। ਹੇ ਸੱਜਨ! ਸੰਤ ਐਸਾ ਸਹਾਈ ਹੈ ਕਿ ਜਿਸ (ਮਨੁੱਖ) ਨੂੰ ਮਿਲ ਪੈਂਦਾ ਹੈ, (ਉਸ ਦੇ) ਮਾਇਆ ਦੇ ਬੰਧਨ ਟੁੱਟ ਜਾਂਦੇ ਹਨ ਅਤੇ ਹਰੀ ਕਦੇ ਵੀ ਭੁਲਦਾ ਨਹੀਂ।੧। ਰਹਾਉ। ਨਾਨਕ ਗੁਰੂ ਜੀ ਆਖਦੇ ਹਨ, ਅਨੇਕਾਂ ਤਰ੍ਹਾਂ ਦੇ (ਕਰਮ) ਕਰਦਿਆਂ ਕਰਦਿਆਂ ਅਖੀਰ ਇਹ ਚੰਗੀ ਰਾਇ ਟਿਕਾ ਲਈ ਹੈ। (ਕਿ ਜੋ ਮਨੁੱਖ) ਸਾਧੂ (ਸਤਿਗੁਰੂ) ਨੂੰ ਮਿਲ ਕੇ ਹਰੀ ਦਾ ਜਸ ਗਾਉਂਦਾ ਹੈ, (ਉਹ) ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ।੨।੮।੧੭।

ਪਦਾਰਥ = ਆਲ–ਘਰ; ਸੰਤਾਨ। ਜਾਲ–ਬੰਧਨ (ਜੰਜਾਲ)। ਤਜਾਵੈ–ਛੁਡਾ ਦੇਂਦਾ ਹੈ। ਪ੍ਰਭ ਸੇਤੀ–ਪ੍ਰਭੂ ਨਾਲ। ਰੰਗੁ–ਪ੍ਰੇਮ। ਲਾਈ–ਲਗਾ ਦੇਂਦਾ ਹੈ। ਮਨ ਕਉ–ਮਨ ਨੂੰ। ਦ੍ਰਿੜਾਵੈ–ਪੱਕਾ ਕਰਾ ਦੇਂਦਾ ਹੈ। ਸਹਜਿ ਸਹਜਿ–ਹੌਲੀ ਹੌਲੀ; ਸੁਭਾਵਕ ਹੀ। ਸਾਜਨ–ਹੇ ਸੱਜਨ ਮਿਤ੍ਰ!। ਸਹਾਈ–ਸਹਾਇਤਾ ਕਰਨ ਵਾਲਾ। ਭੇਟੇ–ਮਿਲਦਾ ਹੈ। ਬੰਧ–ਬੰਧਨ। ਬਿਸਰਿ ਨ–ਭੁਲਦਾ ਨਹੀਂ। ਕਬ ਹੂੰ–ਕਦੇ ਵੀ।੧। ਰਹਾਉ। ਕਰਤ ਕਰਤ–ਕਰਦਿਆਂ ਕਰਦਿਆਂ। ਬਹੁ ਭਾਤੀ–ਬਹੁਤ ਤਰ੍ਹਾਂ ਦੇ। ਨੀਕੀ–ਚੰਗੀ (ਸਲਾਹ)। ਠਹਰਾਈ–ਟਿਕਾ (ਠਹਿਰਾ) ਲਈ। ਭਵਜਲੁ–ਸੰਸਾਰ ਸਮੁੰਦਰ ਤੋਂ। ਪਾਰਿ ਪਰਾਈ–ਪਾਰ ਪੈ ਜਾਂਦਾ ਹੈ (ਪਾਰ ਲੰਘ ਜਾਂਦਾ ਹੈ)।੨।੮।੧੭।

ਗੂਜਰੀ ਮਹਲਾ ੫ ॥ ਖਿਨ ਮਹਿ ਥਾਪਿ ਉਥਾਪਨਹਾਰਾ, ਕੀਮਤਿ ਜਾਇ ਨ ਕਰੀ ॥ ਰਾਜਾ ਰੰਕੁ ਕਰੈ ਖਿਨ ਭੀਤਰਿ, ਨੀਚਹ ਜੋਤਿ ਧਰੀ ॥੧॥ ਧਿਆਈਐ ਅਪਨੋ ਸਦਾ ਹਰੀ ॥ ਸੋਚ ਅੰਦੇਸਾ ਤਾ ਕਾ ਕਹਾ ਕਰੀਐ, ਜਾ ਮਹਿ ਏਕ ਘਰੀ ॥੧॥ਰਹਾਉ॥ ਤੁਮ੍ਰੀ ਟੇਕ ਪੂਰੇ ਮੇਰੇ ਸਤਿਗੁਰ, ਮਨ ਸਰਨਿ ਤੁਮ੍ਾਰੈ ਪਰੀ ॥ ਅਚੇਤ ਇਆਨੇ ਬਾਰਿਕ ਨਾਨਕ, ਹਮ ਤੁਮ ਰਾਖਹੁ ਧਾਰਿ ਕਰੀ ॥੨॥੯॥੧੮॥ (ਹੇ

ਭਾਈ! ਪ੍ਰਭੂ ਇਕ) ਖਿਨ ਵਿਚ ਬਣਾ ਕੇ ਢਾਹ ਦੇਣ ਵਾਲਾ ਹੈ, (ਕਿਸੇ ਪਾਸੋਂ ਉਸ ਦੇ ਗੁਣਾਂ ਦੀ) ਕੀਮਤ (ਵਡਿਆਈ) ਨਹੀਂ ਕੀਤੀ ਜਾ ਸਕਦੀ। (ਉਹ ਇਕ) ਖਿਨ ਵਿਚ ਰਾਜੇ ਨੂੰ ਕੰਗਾਲ ਕਰ ਦੇਂਦਾ ਹੈ ਅਤੇ ਨੀਚਾਂ ਵਿਚ (ਰੂਹਾਨੀ) ਜੋਤ ਧਰ ਦੇਂਦਾ ਹੈ (ਜਿਸ ਕਰਕੇ ਰਾਜਾ ਵੀ ਉਸ ਦੇ ਚਰਣੀਂ ਆ ਪੈਂਦਾ ਹੈ।੧। ਇਸ ਲਈ) ਅਪਣੇ ਹਰੀ ਨੂੰ ਸਦਾ ਧਿਆਉਣਾ ਚਾਹੀਦਾ ਹੈ। ਉਸ (ਸੰਸਾਰ ਜਾਂ ਜੀਵਨ) ਦਾ ਸੋਚ ਤੇ ਅੰਦੇਸਾ ਕਿਉਂ ਕਰੀਏ? ਜਿਸ ਵਿਚ ਇਕ ਘੜੀ ਭਰ (ਥੋੜਾ ਚਿਰ) ਰਹਿਣਾ (ਛਿਨ ਭੰਗਰ) ਹੈ।੧। ਰਹਾਉ। ਹੇ ਮੇਰੇ ਪੂਰੇ ਸਤਿਗੁਰੂ! ਮੈਨੂੰ ਤੁਹਾਡੀ ਹੀ ਟੇਕ ਹੈ ਅਤੇ ਮੇਰਾ ਮਨ ਤੁਹਾਡੀ ਸ਼ਰਨ ਵਿਚ ਆ ਪਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਹਰੀ!) ਅਸੀਂ ਬੇ ਸਮਝ ਤੇ ਅਣਜਾਣ ਬੱਚੇ ਹਾਂ, ਤੁਸੀਂ ਅਪਣਾ ਹੱਥ (ਸਾਡੇ ਸਿਰ ਤੇ) ਧਰ ਕੇ ਰੱਖਿਆ ਕਰੋ।੨।੯।੧੮।

ਪਦਾਰਥ = ਖਿਨ ਮਹਿ–ਇਕ ਪਲ ਵਿਚ। ਥਾਪਿ–ਪੈਦਾ ਕਰਕੇ। ਉਥਾਪਨਹਾਰਾ–ਢਾਹ ਦੇਣ ਵਾਲਾ। ਰੰਕੁ–ਕੰਗਾਲ। ਭੀਤਰਿ–ਵਿਚ। ਨੀਚਹ –ਨੀਚਾਂ ਨੂੰ। ਜੋਤਿ–ਬ੍ਰਹਮ ਗਿਆਨ ਦੀ ਜੋਤ। ਧਰੀ–ਧਰ (ਰਖ) ਦੇਂਦਾ ਹੈ।੧। ਸੋਚ–ਫਿਕਰ। ਅੰਦੇਸਾ–ਫਿਕਰ; ਸੰਸਾ; ਦੁਬਿਧਾ। ਤਾ ਕਾ –ਉਸ ਦਾ। ਕਹਾ–ਕਿਉਂ। ਜਾ ਮਹਿ–ਜਿਸ ਵਿਚ। ਘਰੀ–ਘੜੀ।੧। ਰਹਾਉ। ਪਰੀ–ਆ ਪਿਆ ਹੈ। ਅਚੇਤ–ਬੇ ਸਮਝ। ਇਆਨੇ–ਅਣਜਾਣ (ਅਗਿਆਨੀ)। ਬਾਰਿਕ–ਬੱਚੇ। ਹਮ–ਅਸੀਂ। ਧਾਰਿ–ਧਾਰ (ਰੱਖ) ਕੇ। ਕਰੀ–ਹੱਥ।੨।੯।੧੮।

ਗੂਜਰੀ ਮਹਲਾ ੫ ॥ ਤੂੰ ਦਾਤਾ ਜੀਆ ਸਭਨਾ ਕਾ, ਬਸਹੁ ਮੇਰੇ ਮਨ ਮਾਹੀ ॥ ਚਰਣ ਕਮਲ ਰਿਦ ਮਾਹਿ ਸਮਾਏ, ਤਹ ਭਰਮੁ ਅੰਧੇਰਾ ਨਾਹੀ ॥੧॥ ਠਾਕੁਰ ਜਾ ਸਿਮਰਾ ਤੂੰ ਤਾਹੀ ॥ ਕਰਿ ਕਿਰਪਾ ਸਰਬ ਪ੍ਰਤਿਪਾਲਕ, ਪ੍ਰਭ ਕਉ ਸਦਾ ਸਲਾਹੀ ॥੧॥ਰਹਾਉ॥ ਸਾਸਿ ਸਾਸਿ ਤੇਰਾ ਨਾਮੁ ਸਮਾਰਉ ,ਤੁਮ ਹੀ ਕਉ ਪ੍ਰਭ ਆਹੀ ॥ ਨਾਨਕ ਟੇਕ ਭਈ ਕਰਤੇ ਕੀ, ਹੋਰ ਆਸ ਬਿਡਾਣੀ ਲਾਹੀ ॥੨॥੧੦॥੧੯॥ (ਹੇ ਪ੍ਰਭੂ!) ਤੂੰ ਸਾਰੇ ਜੀਵਾਂ ਦਾ ਦਾਤਾ ਹੈਂ, (ਤੁਸੀਂ) ਮੇਰੇ ਮਨ ਵਿਚ ਵਸ ਜਾਵੋ। (ਜਿਸ ਮਨੁੱਖ ਦੇ) ਹਿਰਦੇ ਵਿਚ (ਆਪ ਜੀ ਦੇ) ਚਰਨ ਕਮਲ ਸਮਾਏ ਹਨ, ਉਥੇ (ਉਸ ਹਿਰਦੇ ਵਿਚ) ਭਰਮ ਰੂਪ ਹਨ੍ਹੇਰਾ ਨਹੀਂ ਰਹਿੰਦਾ।੧। ਹੇ ਠਾਕੁਰ! ਮੈਂ ਜਿਥੇ ਵੀ (ਆਪ ਜੀ ਨੂੰ) ਯਾਦ ਕਰਦਾ ਹਾਂ, ਤੂੰ ਉਥੇ ਹੀ ਮੌਜੂਦ ਹੁੰਦਾ ਹੈਂ। ਹੇ ਸਭ ਦੀ ਪਾਲਣਾ ਕਰਨ ਵਾਲੇ ਪ੍ਰਭੂ! ਕ੍ਰਿਪਾ ਕਰ, (ਤਾਂ ਕਿ ਮੈਂ) ਪ੍ਰਭੂ ਨੂੰ ਸਦਾ ਸਲਾਹੁੰਦਾ ਰਹਾਂ।੧। ਰਹਾਉ। ਮੈਂ ਸੁਆਸ ਸੁਆਸ ਤੇਰਾ ਨਾਮ ਸਿਮਰਦਾ ਰਹਾਂ ਅਤੇ ਤੈਨੂੰ ਹੀ ਚਾਹੁੰਦਾ ਰਹਾਂ। ਨਾਨਕ ਨੂੰ ਕਰਤਾਰ ਦੀ ਟੇਕ ਪ੍ਰਾਪਤ ਹੋ ਗਈ ਹੈ, (ਜਿਸ ਕਰਕੇ ਦੇਵੀ ਦੇਵਤਿਆਂ ਦੀ) ਹੋਰ ਬਿਗਾਨੀ ਆਸ ਲਾਹ ਦਿਤੀ ਹੈ।੨।੧੦।੧੯।

ਪਦਾਰਥ = ਬਸਹੁ–ਵਸ ਜਾਵੋ। ਮਨ ਮਾਹੀ–ਮਨ ਵਿਚ। ਰਿਦ ਮਾਹਿ–ਹਿਰਦੇ ਵਿਚ। ਸਮਾਏ–ਟਿਕ ਗਏ ਹਨ। ਤਹ–ਉਥੇ। ਅੰਧੇਰਾ–ਹਨ੍ਹੇਰਾ।੧। ਜਾ–ਜਿਥੇ; ਜਦੋਂ। ਤਾਹੀ–ਉਥੇ ਹੀ। ਸਰਬ–ਸਭ ਦੀ। ਪ੍ਰਤਿਪਾਲਕ–ਹੇ ਪਾਲਣਾ ਕਰਨ ਵਾਲੇ!। ਸਲਾਹੀ–ਸਲਾਹੁੰਦਾ ਰਹਾਂ।੧। ਰਹਾਉ। ਸਾਸਿ ਸਾਸਿ–ਸੁਆਸ ਸੁਆਸ। ਸਮਾਰਉ–ਸਿਮਰਦਾ ਰਹਾਂ। ਤੁਮ ਹੀ ਕਉ–ਤੈਨੂੰ ਹੀ। ਆਹੀ–ਚਾਹੁੰਦਾ ਰਹਾਂ। ਭਈ–(ਪ੍ਰਾਪਤ) ਹੋਈ ਹੈ। ਕਰਤੇ ਕੀ–ਕਰਤਾਰ ਦੀ। ਬਿਡਾਣੀ–ਬਿਗਾਨੀ; ਧੋਖਾ ਦੇਣ ਵਾਲੀ ਆਸ (ਮ.ਕੋ.)। ਲਾਹੀ–ਲਾਹ ਦਿਤੀ ਹੈ।੨।੧੦।੧੯।

ਅੰਗ ੫੦੦ = ਗੂਜਰੀ ਮਹਲਾ ੫ ॥ ਕਰਿ ਕਿਰਪਾ ਅਪਨਾ ਦਰਸੁ ਦੀਜੈ, ਜਸੁ ਗਾਵਉ ਨਿਸਿ ਅਰੁ ਭੋਰ ॥ ਕੇਸ ਸੰਗਿ ਦਾਸ ਪਗ ਝਾਰਉ ,ਇਹੈ ਮਨੋਰਥ ਮੋਰ ॥੧॥ ਠਾਕੁਰ ਤੁਝ ਬਿਨੁ ਬੀਆ ਨ ਹੋਰ ॥ ਚਿਤਿ ਚਿਤਵਉ ਹਰਿ ਰਸਨ ਅਰਾਧਉ ,ਨਿਰਖਉ ਤੁਮਰੀ ਓਰ ॥੧॥ਰਹਾਉ॥ ਦਇਆਲ ਪੁਰਖ ਸਰਬ ਕਉ ਠਾਕੁਰ, ਬਿਨਉ ਕਰਉ ਕਰ ਜੋਰਿ ॥ ਨਾਮੁ ਜਪੈ ਨਾਨਕੁ ਦਾਸੁ ਤੁਮਰੋ, ਉਧਰਸਿ ਆਖੀ ਫੋਰ ॥੨॥੧੧॥੨੦॥ (ਹੇ ਪ੍ਰਭੂ!) ਕ੍ਰਿਪਾ ਕਰਕੇ ਅਪਨਾ ਦਰਸ਼ਨ ਦਿਓ, ਮੈਂ ਦਿਨ ਅਤੇ ਰਾਤ (ਤੇਰਾ) ਜਸ ਗਾਉਂਦਾ ਰਹਾਂ। ਮੇਰਾ ਇਹੋ ਹੀ ਮਨੋਰਥ ਹੈ ਕਿ ਮੈਂ (ਤੇਰੇ) ਦਾਸਾਂ ਦੇ ਚਰਨ ਝਾੜਦਾ ਰਹਾਂ।੧। ਹੇ ਠਾਕੁਰ! ਤੇਰੇ ਬਿਨਾ ਮੇਰਾ ਹੋਰ ਕੋਈ ਦੂਜਾ ਆਸਰਾ ਨਹੀਂ ਹੈ। ਮੈਂ ਚਿਤ ਵਿਚ (ਤੈਨੂੰ ਹੀ) ਯਾਦ ਕਰਦਾ ਹਾਂ, ਰਸਨਾ ਨਾਲ ਹਰੀ ਦਾ ਨਾਮ ਸਿਮਰਦਾ ਹਾਂ ਤੇ ਅੱਖਾਂ ਨਾਲ ਤੇਰੀ ਓਰ ਹੀ ਦੇਖਦਾ ਰਹਿੰਦਾ ਹਾਂ।੧। ਰਹਾਉ। ਹੇ ਦਿਆਲ ਪੁਰਖ ਸਭ ਦੇ ਮਾਲਕ ਪ੍ਰਭੂ! ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ। ਕਿ ਦਾਸ ਨਾਨਕ ਤੇਰਾ ਨਾਮ ਜਪਦਾ ਰਹੇ, (ਤਾਂ ਕਿ ਤੇਰਾ ਦਾਸ) ਅੱਖ ਝਮਕਣ ਜਿਤਨੇ ਸਮੇਂ ਵਿਚ ਮੁਕਤ ਹੋ ਜਾਵੇ।੨।੧੦।੧੯।

ਪਦਾਰਥ = ਦੀਜੈ–ਦੇਵੋ। ਗਾਵਉ–ਗਾਉਂਦਾ ਰਹਾਂ। ਨਿਸਿ–ਰਾਤ। ਅਰੁ–ਅਤੇ। ਭੋਰ–ਸਵੇਰੇ (ਦਿਨ)। ਕੇਸ ਸੰਗਿ–ਕੇਸਾਂ ਨਾਲ। ਪਗ–ਪੈਰ। ਝਾਰਉ–ਝਾੜਦਾ ਰਹਾਂ। ਮਨੋਰਥ–ਮਨ ਦੀ ਇੱਛਾ; ਪ੍ਰਯੋਜਨ। ਮੋਰ–ਮੇਰਾ।੧। ਠਾਕੁਰ–ਹੇ ਠਾਕੁਰ!। ਬੀਆ–ਦੂਜਾ। ਚਿਤਿ–ਚਿਤ ਵਿਚ। ਚਿਤਵਉ–ਯਾਦ ਕਰਦਾ ਹਾਂ। ਰਸਨ–ਜੀਭ ਨਾਲ। ਨਿਰਖਉ–ਦੇਖਦਾ ਹਾਂ। ਓਰ–ਪਾਸੇ; ਤਰਫ।੧। ਰਹਾਉ। ਸਰਬ ਕਉ–ਸਭ ਦੇ। ਬਿਨਉ –ਬੇਨਤੀ। ਕਰਉ–ਮੈਂ ਕਰਦਾ ਹਾਂ। ਕਰ–ਹੱਥ। ਉਧਰਸਿ–ਮੁਕਤ ਹੋ ਜਾਵੇ। ਆਖੀ ਫੋਰ–ਅੱਖ ਝਮਕਣ ਸਮੇਂ ਵਿਚ।੨।੧੧।੨੦।

ਗੂਜਰੀ ਮਹਲਾ ੫ ॥ ਬ੍ਰਹਮ ਲੋਕ ਅਰੁ ਰੁਦ੍ਰ ਲੋਕ, ਆਈ ਇੰਦ੍ਰ ਲੋਕ ਤੇ ਧਾਇ ॥ ਸਾਧ ਸੰਗਤਿ ਕਉ ਜੋਹਿ ਨ ਸਾਕੈ, ਮਲਿ ਮਲਿ ਧੋਵੈ ਪਾਇ ॥੧॥ ਅਬ ਮੋਹਿ ਆਇ ਪਰਿਓ ਸਰਨਾਇ ॥ ਗੁਹਜ ਪਾਵਕੋ ਬਹੁਤੁ ਪ੍ਰਜਾਰੈ, ਮੋ ਕਉ ਸਤਿਗੁਰਿ ਦੀਓ ਹੈ ਬਤਾਇ ॥੧॥ਰਹਾਉ॥ ਸਿਧ ਸਾਧਿਕ ਅਰੁ ਜਖ੍ਹ ਕਿੰਨਰ ਨਰ, ਰਹੀ ਕੰਠਿ ਉਰਝਾਇ ॥ ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ, ਜਾ ਕੈ ਕੋਟਿ ਐਸੀ ਦਾਸਾਇ ॥੨॥੧੨॥੨੧॥ (ਹੇ ਭਾਈ! ਮਾਇਆ) ਬ੍ਰਹਮ ਲੋਕ, ਸ਼ਿਵ ਲੋਕ ਅਤੇ ਇੰਦ੍ਰ ਲੋਕ ਆਦਿ ਤੋਂ (ਸਭ ਨੂੰ ਸਾੜਦੀ ਹੋਈ ਸੰਸਾਰ ਦੇ ਜੀਵਾਂ ਵੱਲ) ਦੌੜ ਆਈ ਹੈ। (ਪਰ) ਸਾਧ ਸੰਗਤ ਵੱਲ (ਭੈੜੀ ਨਜ਼ਰ ਨਾਲ) ਤੱਕ ਵੀ ਨਹੀਂ ਸਕਦੀ ਅਤੇ (ਸਾਧ ਸੰਗਤ ਕਰਨ ਵਾਲੇ ਪੁਰਖਾਂ

ਦੇ) ਮਲ ਮਲ ਕੇ ਪੈਰ ਧੋਂਦੀ ਹੈ (ਸੇਵਾ ਕਰਦੀ ਹੈ)।੧। ਹੁਣ ਮੈਂ (ਗੁਰੂ ਦੀ) ਸ਼ਰਣ ਵਿਚ ਆ ਪਿਆ ਹਾਂ। ਗੁਝੀ ਅੱਗ (ਮਾਇਆ) ਬਹੁਤ ਜੀਵਾਂ ਨੂੰ ਬੁਰੀ ਤਰ੍ਹਾਂ ਸਾੜਦੀ ਹੈ, (ਇਸ ਤੋਂ ਬਚਣ ਦਾ ਤਰੀਕਾ) ਸਤਿਗੁਰੂ ਨੇ ਮੈਨੂੰ ਦਸ ਦਿਤਾ ਹੈ।੧। ਰਹਾਉ। (ਕਰਾਮਾਤੀ) ਸਿੱਧਾਂ, ਸਾਧਨਾ ਕਰਨ ਵਾਲੇ, ਜੱਖਾਂ, ਕਿੰਨਰਾਂ ਅਤੇ ਮਨੁੱਖਾਂ ਸਭ ਦੇ ਗਲ ਨਾਲ ਚਿੰਬੜੀ ਹੋਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਰਚਨਹਾਰ ਪ੍ਰਭੂ ਨੇ ਅਪਣੇ ਦਾਸਾਂ ਦਾ ਪੱਖ ਕੀਤਾ ਹੈ, ਜਿਸ ਦੇ ਦਰ ਤੇ ਐਸੀਆਂ (ਮਾਇਆ ਵਰਗੀਆਂ) ਕ੍ਰੋੜਾਂ ਦਾਸੀਆਂ ਹਨ।੨।੧੨।੨੧।

ਪਦਾਰਥ = ਬ੍ਰਹਮ ਲੋਕ–ਬ੍ਰਹਮ ਪੁਰੀ। ਅਰੁ–ਅਤੇ। ਰੁਦ੍ਰ ਲੋਕ–ਸ਼ਿਵ ਪੁਰੀ (ਕੈਲਾਸ਼ ਪਰਬਤ)। ਇੰਦ੍ਰ ਲੋਕ–ਇੰਦ੍ਰ ਪੁਰੀ (ਸ੍ਵਰਗ)। ਤੇ–ਤੋਂ। ਧਾਇ–ਦੌੜ ਆਈ ਹੈ; ਧਾਵਾ (ਹੱਲਾ) ਕਰਕੇ। ਕਉ–ਨੂੰ। ਜੋਹਿ ਨ ਸਾਕੈ–ਤੱਕ ਨਹੀਂ ਸਕਦੀ। ਪਾਇ–ਪੈਰ।੧। ਅਬ–ਹੁਣ। ਮੋਹਿ–ਮੈਂ। ਆਇ ਪਰਿਓ–ਆ ਪਿਆ ਹਾਂ। ਸਰਨਾਇ–ਸ਼ਰਣ ਵਿਚ। ਗੁਹਜ–ਗੁੱਝੀ (ਲੁਕਵੀਂ)। ਪਾਵਕੋ–ਅੱਗ। ਪ੍ਰਜਾਰੈ–ਬੁਰੀ ਤਰ੍ਹਾਂ ਸਾੜਦੀ ਹੈ। ਮੋ ਕਉ–ਮੈਨੂੰ। ਸਤਿਗੁਰਿ–ਸਤਿਗੁਰੂ ਨੇ। ਦੀਓ ਬਤਾਇ–ਦਸ ਦਿਤਾ ਹੈ।੧। ਰਹਾਉ। ਸਿਧ–ਜੋਗ ਸਾਧਨਾ ਕਰਨ ਵਾਲੇ ਕਰਾਮਾਤੀ ਜੋਗੀ। ਸਾਧਿਕ–ਸਾਧਨਾ ਕਰਨ ਵਾਲੇ; ਅਭਿਆਸੀ। ਜਖ੍ਹ–ਕੁਬੇਰ ਦੀ ਸੇਵਾ ਵਿਚ ਰਹਿਣ ਵਾਲੇ ਦੇਵਤੇ। ਕਿੰਨਰ–ਦੇਵਤਿਆਂ ਦੇ ਰਾਗੀ। ਨਰ–ਮਨੁੱਖ। ਕੰਠਿ–ਗਲ ਨਾਲ। ਉਰਝਾਇ–ਚਿੰਬੜੀ ਹੋਈ ਹੈ। ਜਨ–ਦਾਸਾਂ ਦਾ। ਪ੍ਰਭਿ–ਪ੍ਰਭੂ ਨੇ। ਕਰਤੈ–ਕਰਤਾਰ ਨੇ। ਅੰਗੁ–ਪੱਖ; ਸਹਾਇਤਾ। ਜਾ ਕੈ–ਜਿਸ ਦੇ (ਦਰ ਤੇ)। ਕੋਟਿ–ਕ੍ਰੋੜਾਂ ਹੀ। ਦਾਸਾਇ–ਦਾਸੀਆਂ।੨।੧੨।੨੧।

ਗੂਜਰੀ ਮਹਲਾ ੫ ॥ ਅਪਜਸੁ ਮਿਟੈ ਹੋਵੈ ਜਗਿ ਕੀਰਤਿ, ਦਰਗਹ ਬੈਸਣੁ ਪਾਈਐ ॥ ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ, ਸੁਖ ਅਨਦ ਸੇਤੀ ਘਰਿ ਜਾਈਐ ॥੧॥ ਜਾ ਤੇ ਘਾਲ ਨ ਬਿਰਥੀ ਜਾਈਐ ॥ ਆਠ ਪਹਰ ਸਿਮਰਹੁ ਪ੍ਰਭੁ ਅਪਨਾ, ਮਨਿ ਤਨਿ ਸਦਾ ਧਿਆਈਐ ॥੧॥ਰਹਾਉ॥ ਮੋਹਿ ਸਰਨਿ ਦੀਨ ਦੁਖ ਭੰਜਨ, ਤੂੰ ਦੇਹਿ ਸੋਈ ਪ੍ਰਭ ਪਾਈਐ ॥ ਚਰਣ ਕਮਲ ਨਾਨਕ ਰੰਗਿ ਰਾਤੇ, ਹਰਿ ਦਾਸਹ ਪੈਜ ਰਖਾਈਐ ॥੨॥੧੩॥੨੨॥ (ਹੇ ਭਾਈ! ਨਾਮ ਸਿਮਰਨ ਦੇ ਪ੍ਰਤਾਪ ਕਰਕੇ ਮਨੁੱਖ ਦੀ) ਬਦਨਾਮੀ ਮਿਟ ਜਾਂਦੀ ਹੈ, ਜਗਤ ਵਿਚ ਸੋਭਾ ਹੁੰਦੀ ਹੈ ਅਤੇ ਦਰਗਾਹ ਵਿਚ ਬੈਠਣ ਲਈ ਥਾਂ ਪਾ ਲਈਦੀ ਹੈ। ਜਮਾਂ ਦਾ ਡਰ ਇਕ ਖਿਨ ਵਿਚ ਨਾਸ਼ ਹੋ ਜਾਂਦਾ ਹੈ ਅਤੇ ਆਤਮਕ ਸੁਖ ਤੇ ਅਨੰਦ ਨਾਲ (ਰੱਬ ਦੇ) ਘਰ ਵਿਚ ਜਾਈਦਾ ਹੈ।੧। ਜਿਸ (ਸਿਮਰਨ) ਨਾਲ ਘਾਲ ਬਿਰਥੀ ਨਹੀਂ ਜਾਂਦੀ। (ਹੇ ਭਾਈ!) ਅੱਠੇ ਪਹਿਰ ਪ੍ਰਭੂ ਨੂੰ ਸਿਮਰਦੇ ਰਹੋ ਅਤੇ ਮਨ ਤੇ ਤਨ ਕਰਕੇ ਸਦਾ (ਉਸ ਨੂੰ) ਸਿਮਰਦੇ ਰਹੀਏ।੧। ਰਹਾਉ। ਹੇ ਗਰੀਬਾਂ ਦੇ ਦੁੱਖ ਨਾਸ਼ ਕਰਨ ਵਾਲੇ ਪ੍ਰਭੂ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ, ਜੋ ਤੂੰ ਦਾਤ ਦੇਂਦਾ ਹੈਂ ਉਹ ਹੀ ਪ੍ਰਾਪਤ ਹੁੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਅਸੀਂ ਤੇਰੇ) ਚਰਨ ਕਮਲਾਂ ਦੇ ਪ੍ਰੇਮ ਵਿਚ ਰੰਗੇ ਹੋਏ ਹਾਂ, ਹੇ ਹਰੀ! ਦਾਸਾਂ ਦੀ ਲਾਜ ਰੱਖ ਲੈ।੨।੧੩।੨੨।

ਪਦਾਰਥ = ਅਪਜਸੁ–ਬਦਨਾਮੀ; ਨਿੰਦਿਆ; ਕਲੰਕ। ਜਗਿ–ਜਗਤ ਵਿਚ। ਕੀਰਤਿ–ਸੋਭਾ; ਜਸ। ਬੈਸਣੁ–ਬੈਠਣ ਲਈ ਥਾਂ। ਤ੍ਰਾਸ–ਡਰ। ਖਿਨ ਮਹਿ–ਇਕ ਪਲ ਵਿਚ। ਸੇਤੀ–ਨਾਲ। ਘਰਿ–ਰੱਬ ਦੇ ਘਰ ਵਿਚ।੧। ਜਾ ਤੇ–ਜਿਸ ਨਾਲ। ਘਾਲ–ਮੇਹਨਤ। ਬਿਰਥੀ–ਵਿਅਰਥ।੧। ਰਹਾਉ। ਮੋਹਿ–ਮੈਂ। ਦੀਨ–ਗਰੀਬਾਂ ਦੇ; ਅਨਾਥਾਂ ਦੇ। ਦੁਖ ਭੰਜਨ–ਹੇ ਦੁੱਖ ਨਾਸ਼ ਕਰਨ ਵਾਲੇ ਪ੍ਰਭੂ!। ਦੇਹਿ–ਦੇਂਦਾ ਹੈਂ। ਸੋਈ–ਉਹ ਹੀ। ਰੰਗਿ–ਪ੍ਰੇਮ ਵਿਚ। ਰਾਤੇ–ਰੰਗੇ ਹੋਏ ਹਾਂ। ਦਾਸਹ–ਦਾਸਾਂ ਦੀ। ਪੈਜ–ਲਾਜ; ਇੱਜਤ।੨।੧੩।੨੨।

ਗੂਜਰੀ ਮਹਲਾ ੫ ॥ ਬਿਸ੍ੰਭਰ ਜੀਅਨ ਕੋ ਦਾਤਾ, ਭਗਤਿ ਭਰੇ ਭੰਡਾਰ ॥ ਜਾ ਕੀ ਸੇਵਾ ਨਿਫਲ ਨ ਹੋਵਤ, ਖਿਨ ਮਹਿ ਕਰੇ ਉਧਾਰ ॥੧॥ ਮਨ ਮੇਰੇ ਚਰਨ ਕਮਲ ਸੰਗਿ ਰਾਚੁ ॥ ਸਗਲ ਜੀਅ ਜਾ ਕਉ ਆਰਾਧਹਿ, ਤਾਹੂ ਕਉ ਤੂੰ ਜਾਚੁ ॥੧॥ਰਹਾਉ॥ ਨਾਨਕ ਸਰਣਿ ਤੁਮ੍ਾਰੀ ਕਰਤੇ, ਤੂੰ ਪ੍ਰਭ ਪ੍ਰਾਨ ਅਧਾਰ ॥ ਹੋਇ ਸਹਾਈ ਜਿਸੁ ਤੂੰ ਰਾਖਹਿ, ਤਿਸੁ ਕਹਾ ਕਰੇ ਸੰਸਾਰੁ ॥੨॥੧੪॥੨੩॥ (ਹੇ ਮੇਰੇ ਮਨ!) ਸੰਸਾਰ ਨੂੰ ਪਾਲਣ ਵਾਲਾ ਪ੍ਰਭੂ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, (ਉਸ ਦੇ) ਖਜਾਨੇ ਭਗਤੀ ਨਾਲ ਭਰੇ ਹੋਏ ਹਨ। ਜਿਸ ਪ੍ਰਭੂ ਦੀ ਕੀਤੀ ਸੇਵਾ ਨਿਸਫਲ ਨਹੀਂ ਹੁੰਦੀ, (ਉਹ) ਇਕ ਖਿਨ ਵਿਚ (ਅਪਣੇ ਦਾਸਾਂ ਦਾ) ਉਧਾਰ ਕਰ ਦੇਂਦਾ ਹੈ।੧। ਹੇ ਮੇਰੇ ਮਨ! (ਪ੍ਰਭੂ ਦੇ) ਚਰਨ ਕਮਲਾਂ ਨਾਲ ਮਿਲ ਜਾਹ। ਸਾਰੇ ਜੀਵ ਜਿਸ ਪ੍ਰਭੂ ਨੂੰ ਸਿਮਰਦੇ ਹਨ, ਤੂੰ ਵੀ ਉਸੇ ਨੂੰ ਹੀ ਮੰਗ।੧। ਰਹਾਉ। ਹੇ ਕਰਤਾਰ! ਨਾਨਕ ਤੇਰੀ ਸ਼ਰਣ ਆ ਪਿਆ ਹਾਂ, ਹੇ ਪ੍ਰਭੂ! ਤੂੰ (ਸਭ ਜੀਵਾਂ ਦੇ) ਪ੍ਰਾਣਾਂ ਦਾ ਆਸਰਾ ਹੈਂ। ਜਿਸ ਮਨੁੱਖ ਦਾ ਸਹਾਈ ਹੋ ਕੇ ਤੂੰ ਰੱਖਿਆ ਕਰਦਾ ਹੈਂ, ਸੰਸਾਰ ਉਸ ਦਾ ਕੀ ਕਰ ਸਕਦਾ ਹੈ? (ਸੰਸਾਰੀ ਲੋਕ ਉਸ ਦਾ ਕੁਛ ਨਹੀਂ ਵਿਗਾੜ ਸਕਦੇ)।੨।੧੪।੨੩।

ਪਦਾਰਥ = ਬਿਸ੍ੰਭਰ–ਵਿਸ਼ਵ ਨੂੰ ਭਰਨ ਪੋਖਣ (ਪਾਲਣ) ਵਾਲਾ ਪ੍ਰਭੂ। ਜੀਅਨ ਕੋ–ਜੀਵਾਂ ਨੂੰ। ਭੰਡਾਰ–ਖਜਾਨੇ। ਜਾ ਕੀ–ਜਿਸ ਦੀ। ਨਿਫਲ–ਨਿਸਫਲ। ਖਿਨ ਮਹਿ–ਇਕ ਪਲ ਵਿਚ। ਉਧਾਰ–ਮੁਕਤ।੧। ਸੰਗਿ–ਨਾਲ। ਰਾਚੁ–ਮਿਲ ਜਾਹ; ਪ੍ਰੇਮ ਕਰ। ਸਗਲ ਜੀਅ–ਸਾਰੇ ਜੀਵ। ਜਾ ਕਉ–ਜਿਸ ਨੂੰ। ਤਾਹੂ ਕਉ–ਉਸੇ ਨੂੰ ਹੀ। ਜਾਚੁ–ਮੰਗ।੧। ਰਹਾਉ। ਕਰਤੇ–ਹੇ ਕਰਤਾਰ!। ਪ੍ਰਾਨ ਅਧਾਰ–ਪ੍ਰਾਣਾਂ ਦਾ ਆਸਰਾ। ਹੋਇ ਸਹਾਈ–ਸਹਾਈ ਹੋ ਕੇ। ਕਹਾ ਕਰੇ–ਕੀ ਵਿਗਾੜ ਕਰ ਸਕਦਾ ਹੈ?।੨।੧੪।੨੩।

ਉਥਾਨਕਾ = ਗੁਰੂ ਅਰਜਨ ਦੇ ਜੀ ਨੇ ਇਹ ਸ਼ਬਦ ਬਾਲਕ ਹਰਿ ਗੋਬਿੰਦ ਸਾਹਿਬ ਜੀ ਦੇ ਚੇਚਕ ਦਾ ਰੋਗ ਦੂਰ ਹੋ ਜਾਣ ਤੇ ਰੱਬ ਦਾ ਧੰਨਵਾਦ ਕਰਦੇ ਹੋਏ ਉਚਾਰਿਆ। ਅੰਤ੍ਰੀਵ ਭਾਵ ਇਹ ਹੈ ਕਿ ਰੱਬ ਦਾ ਨਾਮ ਹਰ ਤਰ੍ਹਾਂ ਦੇ ਰੋਗ ਤੇ ਦੁੱਖ ਦੂਰ ਕਰਨ ਵਾਲਾ ਹੈ।

ਗੂਜਰੀ ਮਹਲਾ ੫ ॥ ਜਨ ਕੀ ਪੈਜ ਸਵਾਰੀ ਆਪ ॥ ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ ,ਉਤਰਿ ਗਇਓ ਸਭੁ ਤਾਪ ॥੧॥ਰਹਾਉ॥ ਹਰਿ ਗੋਬਿੰਦੁ ਰਖਿਓ ਪਰਮੇਸਰਿ, ਅਪੁਨੀ ਕਿਰਪਾ ਧਾਰਿ ॥ ਮਿਟੀ ਬਿਆਧਿ ਸਰਬ ਸੁਖ ਹੋਏ, ਹਰਿ ਗੁਣ ਸਦਾ ਬੀਚਾਰਿ ॥੧॥ ਅੰਗੀਕਾਰੁ ਕੀਓ ਮੇਰੈ ਕਰਤੈ, ਗੁਰ ਪੂਰੇ ਕੀ ਵਡਿਆਈ ॥ ਅਬਿਚਲ ਨੀਵ ਧਰੀ ਗੁਰ ਨਾਨਕ, ਨਿਤ ਨਿਤ ਚੜੈ ਸਵਾਈ ॥੨॥੧੫॥੨੪॥

(ਹੇ ਭਾਈ! ਪ੍ਰਭੂ ਨੇ) ਆਪ ਅਪਣੇ ਦਾਸ ਦੀ ਪੈਜ ਸਵਾਰੀ ਹੈ। ਗੁਰੂ ਨੇ ਹਰਿ ਹਰਿ ਨਾਮ ਰੂਪ ਦਵਾਈ ਦਿਤੀ, ਜਿਸ (ਦਵਾਈ) ਨਾਲ ਸਾਰਾ ਤਾਪ ਉਤਰ ਗਿਆ।੧।ਰਹਾਉ। ਪ੍ਰਮੇਸਰ ਨੇ ਅਪਣੀ ਕ੍ਰਿਪਾ ਕਰਕੇ ਹਰਿ ਗੋਬਿੰਦ ਨੂੰ (ਸੀਤਲਾ ਦੇ ਰੋਗ ਤੋਂ ਬਚ ਕੇ) ਰੱਖ ਲਿਆ। ਹਰੀ ਦੇ ਗੁਣਾਂ ਦੀ ਸਦਾ ਵਿਚਾਰ ਕਰਨ ਕਰਕੇ ਬਿਮਾਰੀ ਮਿਟ ਗਈ ਹੈ ਅਤੇ ਸਾਰੇ ਸੁਖ ਪ੍ਰਾਪਤ ਹੋ ਗਏ ਹਨ।੧। ਮੇਰੇ ਕਰਤਾਰ ਨੇ (ਸਾਡੀ) ਸਹਾਇਤਾ ਕੀਤੀ ਹੈ, (ਇਹ) ਪੂਰੇ ਗੁਰੂ ਦੀ ਵਡਿਆਈ ਹੈ। ਗੁਰੂ ਨਾਨਕ ਦੇਵ ਜੀ ਨੇ ਸਦਾ ਕਾਇਮ ਰਹਿਣ ਵਾਲੀ (ਅਚੱਲ) ਨੀਂਹ ਰੱਖੀ ਹੈ, ਜੋ ਨਿਤ ਨਿਤ ਵਧਦੀ ਫੁਲਦੀ ਹੈ।੨।੧੫।੨੪।

ਪਦਾਰਥ = ਜਨ ਕੀ–ਦਾਸ ਦੀ। ਪੈਜ–ਇਜਤ। ਸਵਾਰੀ–ਰੱਖੀ ਹੈ। ਗੁਰਿ–ਗੁਰੂ ਨੇ। ਅਵਖਧੁ–ਦਵਾਈ। ਸਭੁ ਤਾਪ–ਸਾਰਾ ਬੁਖਾਰ।੧। ਰਹਾਉ। ਪਰਮੇਸਰਿ–ਪ੍ਰਮੇਸਰ ਨੇ। ਧਾਰਿ–ਧਾਰ (ਕਰ) ਕੇ। ਬਿਆਧਿ–ਬਿਮਾਰੀ। ਸਰਬ–ਸਾਰੇ।੧। ਅੰਗੀਕਾਰੁ ਕੀਓ–ਸਹਾਇਤਾ ਕੀਤੀ; ਲੜ ਲਾ ਲਿਆ; (ਸੇਵਾ) ਪ੍ਰਵਾਨ ਕੀਤੀ। ਕੀਓ–ਕੀਤੀ। ਕਰਤੈ–ਕਰਤਾਰ ਨੇ। ਅਬਿਚਲ–ਸਦਾ ਕਾਇਮ ਰਹਿਣ ਵਾਲੀ; ਅਹਿੱਲ। ਨੀਵ–ਨੀਂਹ (ਗੁਰ ਸਿੱਖੀ ਦੀ; ਗੁਰ ਗੱਦੀ ਦੀ; ਨਾਮ ਸਿਮਰਨ ਦੀ)। ਧਰੀ–ਰੱਖੀ। ਚੜੈ ਸਵਾਈ–ਵਧਦੀ ਫੁਲਦੀ ਹੈ।੨।੧੫।੨੪।

॥ ਅੱਗੇ ਪੜ੍ਹੋ ਰਾਗ ਗੂਜਰੀ ੨ ਵਿਚ ॥